Ghadara dī gūñja

PK
2656
G44
v.2

Ghadar di righ

# ਗ਼ਦਰ ਦੀ ਗੂੰਜ

## ਨੰ: ੨

## ਦੇਸ਼ ਭਗਤਾਂ ਦੀ ਬਾਣੀ

Editor: Hindustan Gadar

Series: Ghadar Party di pustan di lari



LIBRARY
NOV 11 1976
UNIVERSITY OF TORONTO

ਸਨ: ੧੯੧੬

ਗਦਰ ਪਾਰਟੀ ਦੀ ਪੁਸਤਕਾਂ ਦੀ ਲੜੀ

ਨੰ: ੫

ਐਡੀਟਰ ਹਿੰਦੋਸਤਾਨ ਗਦਰ ਦੇ ਪ੍ਰਬੰਧ ਨਾਲ ਹਿੰਦੋਸਤਾਨ ਗਦਰ, ਪ੍ਰੈਸ ਸਾਨ ਫਰਾਂਸਿਸਕੋ, ਅਮਰੀਕਾ ਵਿਚੋਂ ਛਪਕੇ ਹਰ ਇੱਕ ਭਾਈ ਕੋ ਮੁਫਤ ਭੇਜੀ ਜਾਂਦੀ ਹੈ. .... ਮਿਲਨੇ ਦਾ ਪਤਾ

THE EDITOR "HINDUSTAN GADAR" SAN FRANCISCO, CALIF, U. S. A.

ਪੈਹਿਲੀ ਵਾਰ ................ ੧੧੦੦੦, ਪੁਸਤਕ

PK
2656
G44
v.7

# ਬੰਦੇ ਮਾਤ੍ਰਮ

## ਤੁਮ ਕਿਸ ਕੇ ਪੂਤ ਕਹਾਤੇ ਹੋ ! ਕਿਸ ਨਾਮ ਸੇ ਜਾਨੇ ਜਾਤੇ ਹੋ

ਕਹਾਂ ਜਨਮ ਔਰ ਰਖਸ਼ਾ ਪਾਈ ਹੈ   ਕਹੋ ਕੌਣ ਤੁਮਾਰੀ ਮਾਈ ਹੈ
ਏਹ ਕੈਸੀ ਗਫਲਤ ਛਾਈ ਹੈ   ਮਾਤਾ ਸੇ ਜਾਨ ਚੁਰਾਤੇ ਹੋ   ਤੁਮ,,
ਯਾ ਹਿੰਦੂ ਹੋ ਯਾ ਮੁਸਲਮਾਨ   ਯਾ ਰਖਤੇ ਹੋ ਦੀਗ੍ਰ ਈਮਾਨ
ਯਾ ਮੁਫਲਸ ਹੋ ਯਾ ਸੁਲਤਾਨ   ਜੱਗ ਮੇਂ ਹਿੰਦੀ ਕਹਾਤੇ ਹੋ   ਤੁਮ,,
ਗੋਰੋਂ ਸੇ ਬੋਹੁਤ ਨਿਮਰਤਾਈ   ਭਾਈਓਂ ਸੇ ਹੋ ਗੁਮਰਾਹੀ
ਏਹ ਸਜ਼ਾ ਖੁਸ਼ਾਮਦ ਕੀ ਪਾਈ   ਤੁਮ ਕਿਸ ਕੇ ਪੂਤ ਕਹਾਤੇ ਹੋ   ਤੁਮ,,
ਵੋਹ ਧੱਨ ਦੌਲਤ ਔਰ ਸ਼ਾਨ ਕਹਾਂ   ਵੋਹ ਬਹਾਦ੍ਰੀ ਔਰ ਗਿਆਨ ਕਹਾਂ
ਵੋਹ ਆਣ ਬਾਣ ਔਰ ਮਾਣ ਕਹਾਂ   ਜਗ ਦੇਖ ਨਹੀਂ ਸ਼ਰਮਾਤੇ ਹੋ   ਤੁਮ,,
ਜੋ ਅੰਨਦਾਤਾ ਕਹਲਾਤੇ ਹੈਂ   ਵੋਹ ਅੰਨ ਤੁਮਰਾਂ ਖਾਤੇ ਹੈਂ
ਫਿਰ ਜੰਗਲੀ ਤੁਝੇ ਬਤਾਤੇ ਹੈਂ   ਤੁਮ ਗੈਰਤ ਕੁਛ ਨਹੀਂ ਖਾਤੇ ਹੋ, ਤੁਮ,,
ਜੂਤੇ ਕੀ ਠੋਕਰ ਦੇਤੇ ਹੈਂ   ਔਰ ਜਾਨ ਤੁਮਾਰੀ ਲੇਤੇ ਹੈਂ
ਕਹੀਂ ਅਬਲਾ ਭ੍ਰਿਸ਼ਟ ਕਰਦੇਤੇ ਹੈਂ   ਤੁਮ ਅੰਧੇ ਕਿਉਂ ਬਣ ਜਾਤੇ ਹੋ, ਤੁਮ,,
ਵੋਹ ਦੇਸ਼ ਤੁਮਾਰਾ ਲੂਟੇ ਹੈਂ   ਜੋ ਦੁਨੀਆਂ ਭਰ ਕੇ ਝੂਟੇ ਹੈਂ
ਕਿਆ ਹਾਥ ਤੁਮਾਰੇ ਟੂਟੇ ਹੈਂ   ਜੋ ਭੀਖ ਮਾਂਗਨੇ ਜਾਤੇ ਹੋ   ਤੁਮ,,
ਜੋ ਬੀਰ ਭੂਮੀ ਕੈਹਲਾਈ ਹੈ   ਇਤਹਾਸ ਮੇਂ ਸਭ ਨੇ ਗਾਈ ਹੈ
ਭਾਰਤ ਵੋਹ ਤੁਮਾਰੀ ਮਾਈ ਹੈ   ਤੁਮ ਪੂਤ ਕਪੂਤ ਕੈਹਲਾਤੇ ਹੋ   ਤੁਮ,,
ਇਸ ਜੀਨੇ ਸੇ ਤੋ ਮਰ ਜਾਓ   ਦੁਨੀਆਂ ਕੋ ਮੂੰਹ ਮਤ ਦਖਲਾਓ
ਪਕੜੋ ਹਿਮਤ ਕੁਛ ਕਰ ਜਾਓ   ਤੁਮ ਭਾਰਤ ਪੂਤ ਕੈਹਲਾਤੇ ਹੋ   ਤੁਮ,,
ਤੁਮ ਭੂਲ ਗਏ ਹੋ ਅਪਨੇ ਕੋ   ਜਾਗੋ ਛੋੜੋ ਇਸ ਸੁਫਨੇ ਕੋ
ਬੰਦੇ ਮਾਤ੍ਰਮ ਕੋ ਖੋ ਜਪਨੇ ਕੋ   ਦੇਖੋ ਫਿਰ ਜੈ ਕੋ ਪਾਤੇ ਹੋ   ਤੁਮ,,
ਜ਼ਹਰੀਲੇ ਕਾਲੇ ਬਣ ਜਾਓ   ਔਰ ਇਨ ਗੋਰੋਂ ਕੋ ਡੱਸ ਖਾਓ
ਕਾਲਾ ਪਨ ਅਪਨਾ ਦਖਲਾਓ   ਹੁਣ ਕਿਉਂ ਦੇਰ ਲਗਾਤੇ ਹੋ,
ਤੁਮ ਕਿਸ ਕੇ ਪੂਤ ਕਹਾਤੇ ਹੋ   ਕਿਸ ਨਾਮ ਸੇ ਜਾਨੇ ਜਾਤੇ ਹੋ,

# ਭਾਰਤ ਮਾਤਾ ਦੀ ਪੁਕਾਰ

## ਪੈਂਤੀਸ ਅਖਰੀ

ੳ ਉੱਠ ਮਨਾ ਜ਼ਰਾ ਸੋਚ ਕਰੀਏ ' ਕਾਹਨੂੰ ਪੈਰਿਹਾ ਲੰਮੀਆਂ ਤਾਨ ਕੇ ਤੂੰ "
ਜਿਸਦੀ ਗੋਦ ਥੀਂ ਜੰਮਿਆ ਜਾਇਆ ਤੂੰ ਕੀਤੀ ਭੁੱਲ ਬੈਠਾ ਕਿਸ ਗੁਮਾਨ ਤੇ ਤੂੰ "
ਜਿਸਨੇ ਪਾਲਕੇ ਐਡ ਜਵਾਨ ਕੀਤਾ ਮੌਜਾਂ ਮਾਣੀਆਂ ਜਿਸਦੀ ਜਾਨ ਤੇ ਤੂੰ "
ਰੋਵੇ ਭਾਰਤ ਮਾਤਾ ਬੁਰੇ ਹਾਲ ਅੰਦਰ ਅਖੀਂ ਮੀਟਦਾ ਕਿਓਂ ਹੁਣ ਪਛਾਨ ਕੇ ਤੂੰ "
ਅ ਆ ਗਿਆ ਈ ਹੁਣ ਵਕਤ ਸਿਰ ਤੇ ' ਜਿਸ ਵਕਤ ਖਾਤ੍ਰ ਤੈਨੂੰ ਪਾਲਿਆ ਸੂ "
ਹੁਣ ਪੁੱਛਣਾ ਈ ਇਮਤਿਹਾਨ ਤੇਰਾ ' ਭਾਰਤ ਮਾਤ ਜੋ ਸਬਕ ਸਖਾਲਿਆ ਸੂ "
ਕੀਤਾ ਯਾਦ ਨਾਂ ਹੁਣ ਪਏ ਝੁਰਦੇ ਹਾਂ ' ਐਵੇਂ ਖੇਡ ਕੇ ਵਕਤ ਗਵਾ ਲਿਆ ਸੂ "
ਮਾਤਾ ਕੂਕਦੀ ਬਚੜਿਓ ਉੱਠ ਬੈਠੋ ' ਤਾਹੀਂ ਬਚੋਗੇ ਜੇ ਸਬਕ ਪਕਾ ਲਿਆ ਸ "
ੲ ਇੱਕ ਭੀ ਨਹੀਂ ਮੇਰੀ ਗੱਲ ਮੰਨੀ ' ਬਾਰ ਬਾਰ ਕੈਹਕੇ ਸਮਝਾਇਆ ਮੈਂ "
ਏਸ ਲਈ ਸੱਤਵੰਜਾ [੧੮੫੭] ਦਾ ਗਦਰ ਕੀਤਾ ਸ਼ੋਰੇ ਸੁਤਿਓ ਤੁਸਾਂ ਜਗਾਇਆ ਮੈਂ "
ਵੇਲਾ ਖੁੰਝ ਗਏ ਉੱਨੀ ਸੌ ਸਤ ਵਾਲਾ ਭਾਵੇਂ ਕੂਕ ਕੇ ਬੌਹ ਰੌਲਾ ਪਾਇਆ ਮੈਂ "
ਵੀਰੋ ਆਇਆ ਸਤਾਰਾਂ [੧੯੧੭] ਨਾਂ ਜਾਵੇ ਖਾਲੀ' ਮਾਤਾ ਆਖਰੀ ਵਾਸਤਾ ਪਾਇਆ ਮੈਂ "
ਸ ਸਖਤ ਤੇ ਸਖਤ ਅਜ਼ਾਬ ਝੱਲੇ ' ਦੁਖਾਂ ਵਿੱਚ ਮੈਂ ਤੁਸਾਂ ਨੂੰ ਪਾਲਿਆ ਈ "
ਗਿਦੜ ਖਾ ਗਏ ਖੇਤ ਚਰੂੰਡ ਮੇਰਾ ' ਰਾਖੀ ਜਿਸਦੀ ਤੁਸਾਂ ਬਠਾਲਿਆ ਈ "
ਐਵੇਂ ਪੀਕੇ ਦੁੱਧ ਹਰਾਮ ਕੀਤਾ ' ਨਾਮ ਵਡਿਆਂ ਦੇ ਤਾਂਈ ਗਾਲਿਆ ਈ "
ਮੇਰੇ ਬਚੜਿਓ ਆ ਲਵੋ ਸਾਰ ਮੇਰੀ ਮਾਤ ਰੋਇਕੇ ਨੀਰ ਬਹਾ ਲਿਆ ਈ "
ਹ ਹਾਲ ਹੋਇਆ ਮੇਰਾ ਅਤ ਭੈੜਾ ' ਕਿਹਾ ਪਿਆ ਬਦ ਤੁਖਮ ਥੀਂ ਵਾਹ ਮੈਨੂੰ "
ਕੁਛੜ ਬੈਠ ਫਰੰਗ ਨੇ ਦਗ਼ਾ ਕੀਤਾ ਮਾਰੀ ਛੁਰੀ ਸੀਨੇ ਕੀਤਾ ਘਾਹ ਮੈਨੂੰ "
ਮੇਰੇ ਲਾਡਲੇ ਪਾੜ ਬਰਬਾਦ ਕੀਤੇ ' ਲਗਾ ਜਿਗ੍ਰ ਜੁਦਾਈ ਦਾ ਦਾਹ ਮੈਨੂੰ "
ਹਥਾਂ ਬਾਝ ਕਰਾਰਿਆਂ ਕਹੇ ਮਾਤਾ ' ਮੁਸ਼ਕਲ ਆਵਸੀ ਸੁਖਾਂ ਦਾ ਸਾਹ ਮੈਨੂੰ "
ਕ ਕੈਹਿਰ ਕੀਤਾ ਏਨਾਂ ਜ਼ਾਲਮਾਂ ਨੇ ' ਲਿਆ ਲੁੱਟ ਮੈਨੂੰ ਕੂੜ ਛਡਿਆ ਨਾਂ "
ਮੁੱਖ ਬੰਦ ਕੀਤਾ ਮੇਰਾ ਬੋਲਣੇ ਤੇ' ਗੁੱਝੀ ਮਾਰ ਮਾਰੀ ਲਹੂ ਕਢਿਆ ਨਾਂ "
ਫੜਕੇ ਛੁਰੀ ਜ਼ਾਲਮ ਛਾਤੀਆ ਬੈਠ ਬਿਸਮਲ ਨੀਮ ਕੀਤੀ ਗਲੋਂ ਵਢਿਆ ਨਾਂ
ਲੱਖ ਲੱਖ ਵਾਰੀ ਮਾਤ ਕੂਕ ਦੁਕੀ' ਏਹ ਫਰੰਗ ਪਾਪੀ ਪਿਛ ਛਡਿਆ ਨਾਂ
ਖ, ਖਬ੍ਰ ਨਹੀਂ ਕੀ ਭਾਈ ਰਬ ਤਾਂਈ' ਸੁਤੇ ਪੁਤ੍ਰ ਨੀਂਦ ਪਿਛ ਛਡਿਆ ਨਾਂ "

ਕਹੇ ਬੋਹਤ ਤੂੰ ਸੇ ਮਿੰਨਤਾਂ ਕੀਤੀਆਂ ਮੈਂ ਪਿਆ ਮੂੰਹ ਪਾਣੀ ਤਾਂ ਭੀ ਕਢਿਆ ਨਾਂ "
ਹੁਣ ਤਾਂ ਆਖਰੀ ਸਬਾਂ ਪ੍ਰਕਾਸ ਆਇਆ ਛੁਪ ਗਏ ਮੇਰਾ ਦਿਲ ਢੂੰਢਿਆ ਨਾਂ "
ਮੇਰੇ ਬਚੜਿਓ ਮਰੀ ਕੇ ਮਰੀ ਮਾਤਾ ਜੋ ਫਰੰਗ ਡਾਕੂ ਘੇਰੇ ਕਢਿਆ ਨਾਂ "
ਗ, ਗਜ਼ਬ ਕੀਤਾ ਏਸ ਫਰੰਗ ਜ਼ਾਲਮ ਮੇਰਾ ਮਹਿਲ ਬੇ ਕੀਮਤੀ ਲੁੱਟ ਲਿਆ "
ਜਿਸਦੀ ਚਮਕ ਸੀ ਵਿਚ ਜਹਾਨ ਸਾਰੇ ਸੂਰਜ ਪਕੜ ਅਕਾਸ਼ ਥੀਂ ਸੁੱਟ ਲਿਆ "
ਸੁਤਾ ਦੇਖ ਭਾਰਤ, ਗਿਦੜਾਂ ਬਾਂਦਰਾਂ ਨੇ ਮਾਰਨ ਲਈ ਹਥੋਂ ਪੈਰੋਂ ਜੁੱਟ ਲਿਆ "
ਪਾਸ ਪੁਤਰਦੇ ਨਹੀਂ ਸੁਤੇ ਸ਼ੇਰ ਮੇਰੇ ਮਾਤਾ ਕਹੇ ਮੇਰਾ ਗਲਾ ਘੁੱਟ ਲਿਆ "
ਘ ਘੋਰੋਂ ਬਾਰੋਂ ਧੱਕੇ ਦੁਜਣੇ ਨੇ ਮੇਰੇ ਸਮਝਦੇ ਪੁਤ ਨਦਾਨ ਕਿਓਂ ਨਹੀਂ "
ਫਿਰਨ ਦੇਸ ਪ੍ਰਦੇਸ ਖੁਆਰ ਹੋਏ "ਇਜ਼ਤ ਆਪਣੀ ਦਾ ਕਰਨ ਧਿਆਨ ਕਿਓਂ ਨਹੀਂ
ਧਕੇ ਪੈਣ ਚੋ ਤੁਹਾਨੂੰ ਕੌਣ ਰੁਸਕਨ । ਓ! ਬੇਗੈਰਤ ਮਰਨ ਮਹਾਨ ਕਿਓਂ ਨਹੀਂ
ਉਤੇ ਜਿਨਾਂ ਦੇ ਸੀ ਬੋਹਤ ਮਾਣ ਮੇਰਾ ਮਾਤਾ ਕਹੇ ਅੱਜ ਮੇਰੀ ਪਛਾਨ ਕਿਓਂ ਨਹੀਂ
ਙ, ਰੋਂਹਦੀ ਤੁਹਾਡੀ ਗੁਆਬਣ ਮਚਦਾ ਏ । ਆਹ! ਕਿਵੇਂ ਹੋਇਆ ਮੰਦਾ ਹਾਲ ਮੇਰਾ "
ਕੋਈ ਨਹੀਂ ਦੁਦੀ ਲਵੇ ਸਾਰ ਮੇਰੀ । ਨੇੜੇ ਆਗਿਆ ਏਹ ਇੰਤਕਾਲ ਮੇਰਾ "
ਪਾਪਣ ਅੱਗ ਗੁਲਾਮੀ ਦੀ ਝੁਲਸ ਦਿਤਾ ਚੇਹਰਾ ਦਮਕਦਾ ਸੀ ਲਾਲੋ ਲਾਲ ਮੇਰਾ
ਕਿਵੇਂ ਬਚਾਂਗੀ ਰੋਇਕੇ ਕਹੇ ਮਾਤਾ । ਪਿਛਾ ਛਡਦਾ ਨਹੀਂ ਚੰਡਾਲ ਮੇਰਾ "
ਚ ਛਡਦਾ ਨਹੀਂ ਫਰੰਗ ਪਿਛਾ । ਮੈਂ ਤਾਂ ਵਾਸਤਾ ਰਬਦਾ ਪਾ ਥਕੀ "
ਕਰੇ ਦਾਦ ਨਾਂ ਸੁਣੇ ਫਰਯਾਦ ਪਾਪੀ । ਮੈਂ ਨਖਸਮੜੀ ਬੋਹਤ ਕੁਰਲਾ ਥਕੀ "
ਆਵੇ ਰੈਹਿਮ ਨਾਂ ਏਸ ਬਦਮਾਸ਼ ਤਾਂਈਂ ਰੋ ਰੋ ਹੰਝੂਆਂ ਨਦੀ ਵਹਾ ਥਕੀ "
ਦੇਵਾਂ ਦੋਸ਼ ਕਿਸੇ ਨੂੰ ਕੀ ਕਹੇ ਮਾਤਾ । ਸਮਝਣ ਪੁਤ ਨਾਂ ਬੋਹਤ ਸਮਝਾ ਥਕੀ
ਜ, ਜਿਸਮ ਸ਼ਕੰਜੇ ਦੇ ਵਿਚ ਆਇਆ । ਮੇਰੀ ਜਾਨ ਸ਼ੇਰੋ ਤਲਮਲੋਣ ਲਗੀ "
ਠੰਡੀ ਹਵਾ ਇਨਸਾਫ ਦੀ ਦੂਰ ਹੋਈ । ਜ਼ੁਲਮ ਤਪਸ਼ ਥੀਂ ਜਿੰਦ ਘਬਰੋਣ ਲਗੀ "
ਫਲੀ ਫੁਲੀ ਆਜ਼ਾਦੀ ਦੇ ਬਾਗ਼ ਅੰਦਰ ਬੇਲ ਜਿੰਦਗੀ ਦੀ ਕੁਮਲੋਣ ਲਗੀ
ਆਏ ਖਿਜ਼ਾਂ ਦੀ ਰੁਤ ਫਰੰਗ ਜ਼ਾਲਮ । ਭਾਰਤ ਦਰਸ਼ ਦੀ ਕਲੀ ਮੁਰਝੋਣ ਲਗੀ "
ਝ ਤੁਰਦੇ ਅੰਨ ਨੂੰ ਮਰਨ ਭੁਖੇ । ਲਖਾਂ ਮਣਾਂ ਅਨਾਜ ਢੋਣ ਵਾਲੇ "
ਪਾਟੇ ਕਪੜੇ ਲੀਰ ਕਚੀਰ ਪੈਹਿਨਣ । ਅਤਲਸ ਜਰੀ ਦੁਸ਼ਾਲੇ ਹੰਢੋਣ ਵਾਲੇ
ਜ਼ਮੀ ਜਿਕਰੀ ਖੁਲਾਂ ਤੇ ਜੀਭ ਫੇਰਨ । ਹਥ ਸ਼ੇਰ ਦੀ ਮੁੱਛ ਨੂੰ ਪੌਣ ਵਾਲੇ "
ਮਾਤਾ ਕਹੇ ਫਰੰਗ ਨੇ ਤੰਗ ਕੀਤੇ । ਮੇਰੇ ਸ਼ੇਰ ਅਜ਼ਾਦ ਕਹੋਣ ਵਾਲੇ "
ਞ ਵਾਂਗ ਵਿਆਹਿਆਂ ਪੁਤ ਮੇਰੇ । ਕੇਹੜੀ ਗਲ ਤੇ ਵਾਸਤੇ ਪੈਣ ਲਗੇ

ਦੇਖੋ ਕੇਹਾ ਜ਼ਮਾਨੇ ਦਾ ਤੌਰ ਫਿਰਿਆ' ਸ਼ੇਰ ਕੁੱਤਿਆਂ ਤੋਂ ਡਰ ਖਾਣ ਲੱਗੇ"
ਭੇੜੀ ਸੰਗਤੇ ਬੈਠ ਬਦਨਾਮ ਹੋਏ ' ਸ਼ੇਰ ਨਸਲ ਤਾਂਈ ਦਾਗ ਲਾਣ ਲੱਗੇ"
ਜੋ ਇਨ ਭਿੜੀ ਸੀ ਆਖਦਾ ਜਗ ਸਾਰਾ ਮੇਰੇ ਲਾਲ ਕਿਓਂ ਦਾਗ ਕਹਾਣ ਲੱਗੇ"
ਟ ਟੈਹਿਕਦੇ ਸੀ ਮੇਰੇ ਬਾਗ ਅੰਦਰ ' ਸੇਬ ਤੂਤ ਸ਼ਹਤੂਤ ਅਨਾਰ ਇਕ ਦਿਨ
ਕਿੱਥੇ ਮੋਤੀਆ ਚੰਬੇ ਗੁਲਾਬ ਗੇਂਦੇ ਚੜ੍ਹਿਆ ਇਸ਼ਕ ਪੇਚਾ ਪੇਚ ਮਾਰ ਇਕ ਦਿਨ
ਸਰੂ ਅਤੇ ਸ਼ਮਸ਼ਾਦ ਅਸਮਾਨ ਛੂਹੰਦੇ' ਜਾਂਹੀ ਕੁਦਰਤੀ ਬਣੇ ਮੁਨਾਰ ਇਕ ਦਿਨ
ਹੋਵੇ ਮਾਤਾ ਅਕੀ ਢਕੀ ਜ਼ੋਰ ਪਾਯਾ ' ਮੌਹਕਣ ਬੇਲ ਬੂਟੇ ਖੁਸ਼ਬੂਦਾਰ ਇਕ ਦਿਨ
ਠ ਠੋਕਰਾਂ ਖਾਂਦਿਆਂ ਡੇਰ ਹੋਈ ' ਹੋਈਆਂ ਬਾਵਰੀ ਅਤੇ ਦੀਵਾਨੀਆਂ ਮੈਂ
ਨੇਜ਼ੇ ਮਾਰ ਜ਼ਾਲਮ ਟੁਕੜਾ ਚੂਰ ਕੀਤੀ' ਦਸਾਂ ਕਿਸ ਨੂੰ ਜ਼ਖਮ ਨਿਸ਼ਾਨੀਆਂ ਮੈਂ"
ਮੇਰੇ ਜਿਗਰ ਵਿਚੋਂ ਡਾਢੇ ਹੌਲ ਉਠੇ ' ਦਸਾਂ ਕਿਸ ਨੂੰ ਭੁਲਾ ਹੈਰਾਨੀਆਂ ਮੈਂ"
ਕਾਹਨੂੰ ਪਾਲ ਸੁੱਤੇ ਮੇਰੇ ਸ਼ੇਰ ਪੁੱਤ੍ਰ ' ਮਾਤਾ ਕੂੰਜ ਵਾਂਗੂ ਕੁਰਲਾਨੀਆਂ ਮੈਂ"
ਡ, ਡਰਦਿਆਂ ਦੀ ਟਟੀ ਚੌੜ ਹੋਂਦੇ ' ਸ਼ੇਰੋ ਨਾਮ ਤਾਂਈ ਲਾਂਦੇ ਦਾਗ ਕਾਹਨੂੰ"
ਡਰਦੇ ਪਾਗੀਆਂ ਤੋਂ ਜੇਕਰ ਫਟਕਣੇ ਨਾਂਗੀ ਦੇਬਦਾਰ ਕੌਹਣ ਬਾਜ਼ ਕਾਹਨੂੰ"
ਸ਼ਕਲ ਮੌਤ ਦੀ ਦੇਖ ਕੇ ਪਏ ਡਰਦੇ ' ਰੌਲਾ ਪਾਂਵਦੇ ਹੋ ਸੈਹਣ ਗਾਜ਼ ਕਾਹਨੂੰ"
ਤੁਸਾਂ ਲਈ ਮਾਤਾ ਇਹ ਮਾਤ ਹੋਈ ' ਸ਼ੇਰੋ ਤੁਸੀਂ ਹੋਏ ਬੇ ਮੁਤਾਜ ਕਾਹਨੂੰ"
ਢ, ਢਾਕ ਟੁੱਟੀ ਮੇਰੀ ਏਨੀ ਗਾਲੀ ' ਕੜ੍ਹੇ ਪਖਾਰ ਭੁਲੀ ਕੁਝ ਵਡਾਰਿਆ ਨਾ"
ਰੋਂਦੇ ਦੇਖ ਲਾਇਆ ਗਲ ਗੋਰਿਆਂ ਨੂੰ ' ਸੱਪ ਹੱਥ ਆਯਾ ਜਾਨੋਂ ਮਾਰਿਆ ਨਾ "
ਕਾਹਨੂੰ ਤਰਸ ਕੀਤਾ ਉੱਤੇ ਦੁਸ਼ਮਣਾਂ ਦੇ' ਰਾਜ ਨੀਤ ਦੀ ਰੀਤ ਨੂੰ ਧਾਰਿਆ ਨਾ"
ਤਾਂਹੀ ਅਜ ਬੁੜ੍ਹਾਪੇ ਵਿਚ ਪੈਣ ਧਕੇ ' ਮਾਤ ਵਕਤ ਸਿਰ ਵਕਤ ਉਤਾਰਿਆ ਨਾ
ਣ' ਅਣਗਿਣਤ ਮੁਸੀਬਤਾਂ ਪੇਸ਼ ਪਈਆਂ ਦੁਖਾਂ ਵਿਚ ਹੀ ਸੈਂਕੜੇ ਸਾਲ ਹੋ ਗਏ"
ਜਦੋਂ ਤੋਂ ਜ਼ੁਲਮ ਹਨੇਰੀ ਦੇ ਵਗੇ ਬੁਲੇ ' ਲਖਾਂ ਸ਼ੇਰ ਮੇਰੇ ਬੇ ਮਸਾਲ ਹੋ ਗਏ"
ਜਿਓਂ ਜਿਓਂ ਮਾਤਾ ਨੇ ਸੀਸ ਦੀ ਭੇਟ ਮੰਗੀ' ਕੁਰਬਾਨ ਮੇਰੇ ਲਖਾਂ ਲਾਲ ਹੋ ਗਏ"
ਹੋਕੇ ਅਸਲ ਦੀ ਨਸਲ ਤੋਂ ਸ਼ੇਰ ਮਰਦੇ' ਦੁਖੀ ਦੇਖ ਮਾਤਾ ਕਿਸ ਖਿਆਲ ਹੋ ਗਏ
ਤ, ਤ੍ਰਲਿਆਂ ਤੇ ਕਾਹਨੂੰ ਜ਼ੋਰ ਪਾਇਆ ' ਮੇਰੀ ਕੁਖੋਂ ਤੇ ਦੁੱਧ ਕੇ ਸ਼ੀਰ ਸ਼ੇਰੋ "
ਜੇਕਰ ਤੁਸੀਂ ਸ਼ੇਰਾਂ ਦਾ ਲੇ ਕੀਮ ਫੜੇ ' ਤਾਂਹੀ ਅਜ ਹੋ ਰਹੇ ਦਲਗੀਰ ਸ਼ੇਰੋ "
ਅਜੇ ਹਈ ਵੇਲਾ ਸੰਭਲ ਜਾਂਵਦੇ ਦਾ' ਕਰੋ ਗੌਰ ਦੇਰ ਫੜ ਜਲਦ ਸ਼ਮਸ਼ੀਰ ਸ਼ੇਰੋ
ਮਾਤ ਕਹੇ ਕਰਨਾ ਜਲਦ ਗੋਰਿਆਂ ਨੂੰ ' ਇਸੇ ਆਖਰੀ ਏਹੋ ਤਦਬੀਰ ਸ਼ੇਰੋ "
ਥ, ਥੁੱਕੇ ਹੱਥ ਤੇ ਚਟੱ ਜਾਂਦੇ ' ਏਹ ਬੇਸ਼ਰਮ ਫਰੰਗ ਮਕਾਰ ਭਾਰਾ "

ਰਿਹਾ ਖੇਡਦਾ ਨਾਲ ਪਯਾਰ ਪੀਂਘਿਜੇ ' ਮੌਕਾ ਦੇਖ ਕੀਤਾ ਘਾਲੂ ਘਾਰ ਭਾਰਾ "
ਗੁੜ੍ਹੀ ਸੂਹੀ ਜ਼ਾਲਮ ਜੜ੍ਹਾਂ ਕਟੀਆਂ ਸੇ ' ਜ਼ਾਹਰਾ ਗਿਹਾ ਬਹਿਆਂ ਦਿਲ ਦਾ ਭਾਰਾ
ਜਿਸ ਦੇ ਰਾਜ ਅੰਦਰ ਮੌਜਾਂ ਮਾਣਦਾ ਸੀ ' ਮਾਤ ਭੁੱਲ ਬੈਠਾ ਦਗੇਦਾਰ ਭਾਰਾ "
ਦ. ਦੁਖ ਤੇ ਦੁਖ ਹਜ਼ਾਰ ਪੈਂਗਏ ' ਮੇਰੀ ਸੋਚ ਤੋਂ ਹੈ ਅਕਲ ਹੈਰਾਨ ਹੋਗਈ
ਪਾਕੇ ਤੇਦ ਫਰੰਗੀ ਨੇ ਬੈਰ ਕੀਤੀ ' ਖਿੱਚੀ ਪਿਛੰਦੀ ਪਿਛੰਜ ਬਾਨ ਹੋਗਈ
ਸੂਹੀ ਜ਼ੁਲਮ ਦੀ ਮਾਰ ਬਦ ਹਾਲ ਕੀਤੀ ਮੇਰੇ ਜਿਸਮ ਦੀ ਮਧਮ ਸ਼ਾਨ ਹੋਗਈ
ਧੋਖੇ ਨਾਲ ਮੇਰੇ ਲਾਲ ਜਕੜ ਲੀਤੇ ' ਕੀਲੀ ਲਟਕਦੀ ਤੀਰ ਕਮਾਨ ਹੋਗਈ
ਧ. ਧਰਮ ਦਾ ਪਵੇਗਾ ਜ਼ੋਰ ਜਲਦੀ ' ਤੇਰਾ ਨਹੀਂ ਫਰੰਗੀਆ ਰਾਜ ਰੈਹਿਣਾਂ "
ਬੇ ਹਿਸਾਬ ਜ਼ੁਲਮ ਸ਼ਨ ਮੇਰੇ ਸਾੜ ਸੁਟੇ ' ਦਗੇਬਾਜ਼ ਦਾ ਨਹੀਂ ਗੁੜ ਪਾਜ ਰੈਹਿਣਾਂ "
ਅਕਸਰ ਧਰਮ ਇਨਸਾਫ ਦੀ ਜਿਤ ਹੁੰਦੀ ਤੇਰਾ ਪਾਪੀਆ ਨਹੀਂ ਤਖਤ ਤਾਜ ਰੈਹਿਣਾਂ
ਰਿੜ੍ਹੀਆਂ ਖਾਂਦੀਆਂ ਦੇਖਕੇ ਖੇਤ ਸਾਰਾ ' ਮਾਤਾ ਕਹੇ ਨਹੀਂ ਰੋਕਿਆ ਬਾਜ ਰੈਹਿਣਾਂ
ਨ. ਨਜ਼ਲ ਮੇਰੀ ਪੱਟ ਧਾੜ ਹੋਈ ' ਪਿਆ ਮੂੰਹ ਫਰੰਗੀਆਂ ਪਾਜੀਆਂ ਦਾ "
ਕਾਹਨੂੰ ਘੂਕ ਸੁਤੇ ਮੇਰੇ ਸ਼ੇਰ ਪੁਤ੍ਰ ' ਜਿਨਾਂ ਫਖਰ ਸ਼ਮਸ਼ੇਰ ਦੀ ਬਾਜ਼ੀਆਂ ਦਾ
ਕਿਥੇ ਰਾਜਪੂਤ ਮੇਰੀ ਲਾਜ ਵਾਲੇ ' ਨਸ਼ਾ ਹਿੰਦੂਆਂ ਬੇ ਮੁਹਤਾਜੀਆਂ ਦਾ "
ਮਾਤ ਕਹੇ ਕਾਨੂੰ ਠੰਡਾ ਸਰਦ ਹੋਇਆ ' ਖੂਨ ਟਪਕਦਾ ਸੀ ਕਦੇ ਗਾਜ਼ੀਆਂ ਦਾ "
ਪ, ਪੀੜ ਕਢੀ ਮੇਰੀ ਰਤ ਸਾਰੀ ' ਡਿਗਡਿਗ ਪਵਾਂ ਨਹੀਂ ਬਿਹਾ ਜਾਂਦਾ "
ਦਿਲ ਟੁਟਦਾ ਹੈ ਦਮ ਰੁਕਦਾ ਹੈ ' ਮੇਰਾ ਕਾਲਜਾ ਬਚੜਿਓਂ ਛਿਹਾ ਜਾਂਦਾ "
ਸੀਨਾ ਚਾਕ ਹੋਇਆ ਏਹਨੀਂ ਗਲੀਂ ' ਜ਼ਬਾ ਥਥਕੰਦੀ ਨਹੀਂ ਕੁਝ ਕਿਹਾ ਜਾਂਦਾ "
ਜਲਦੀ ਗੌਹਰ ਹਕੀਮ ਨੂੰ ਵਾਜ ਮਾਰੋ ਮਾਤਾ ਕਹੇ ਨਹੀਂ ਦੁਖ ਸਿਹਾ ਜਾਂਦਾ "
ਫ. ਫੇਰ ਮਾਥੇ ਤਾਈਂ ਠੋਰਸੋਂ ਗੇ ' ਗਿਆ ਵਕਤ ਮੁੜਕੇ ਹੱਥ ਔਣਾਂ ਨਹੀਂ "
ਪਏ ਝੂਰਸੋਂਗੇ ਖੇਡਾਂ ਖੇਡੀਆਂ ਨੂੰ ' ਤੁਸਾਂ ਰੋਦਿਆਂ ਕਿਸੇ ਵਰੋਣਾਂ ਨਹੀਂ "
ਜਦ ਫਰੰਗੀ ਕਸਾਈ ਦੇ ਵੱਸ ਪੈਂਗਏ ' ਤੁਸਾਂ ਮਰਦਿਆਂ ਕਿਸੇ ਛੁਡੋਣਾਂ ਨਹੀਂ "
ਜਦੋਂ ਜੋਤ ਮਾਤ ਵਾਲੀ ਮਾਤ ਹੋਈ ' ਤੁਸਾਂ ਬਚੜਿਓਂ ਝਟ ਲਿਓਣਾਂ ਨਹੀਂ "
ਬ. ਬੁਰਾ ਹੁੰਦਾ ਦੋਸਤ ਦਿਲੀ ਦੁਸ਼ਮਣ ' ਧੋਖਾ ਦੇਕੇ ਕੌਮ ਖਰਾਬ ਕਰਨਂ "
ਜ਼ਾਹਰਾ ਨੇਕ ਚਾਲੇ ਸੁਖਨ ਨੇਕ ਕੈਹਣੇ ' ਗੋਸ਼ੇ ਬੈਠ ਸ਼ੈਤਾਨ ਦੀ ਸਫ਼ਕ ਪੜ੍ਹਨਂ "
ਜ਼ਾਹਰਾ ਮੈਹਿਕ ਮਾਰੇ ਪਾਪੀ ਅਤ੍ਰ ਵਾਂਗੂੰ ਵਿਚੋਂ ਵਿਚ ਪਖਾਨੇ ਦੇ ਵਾਂਗ ਸੜਨਂ "
ਜੇਹੜੇ ਠਗੀਆਂ ਕਰਨਗੇ ਯਾਰ ਬਣਕੇ ਮਾਤਾ ਕਹੇ ਤਿਨਾਂ ਮੰਦੇ ਹਾਲ ਮਰਨਂ "
ਭ. ਭੱਜਗਈਆਂ ਮੇਰੀਆਂ ਭੁਜਾਂ ਦੋਵੇਂ ' ਜ਼ਖਮੀਂ ਜ਼ਾਲਮਾਂ ਜਿਸਮ ਤਮਾਮ ਕੀ[illegible] "

ਰਹੀ ਸਮਝਦੀ ਮੈਂ ਸ਼ੇਰ ਖੇਡਦਾ ਹੈ ' ਦਗੇਬਾਜ਼ ਦੀ ਚਾਲ ਨੇ ਕੀਮ ਤਮਾਮ ਕੀਤਾ
ਪਾਪੀ ਲੁਟ ਕੇ ਨਹੀਂ ਕਨੈਤ ਕੀਤੀ ' ਮੈਨੂੰ ਦੇਸ ਪ੍ਰਦੇਸ ਬਦਨਾਮ ਕੀਤਾ "
ਮਾਤਾ ਕਹੇ ਉਡ ਜਾਂਦੀ ਸੀ ਨਾਮ ਜਲਦੀ ' ਜੇਕਰ ਗ਼ਦਰ ਦਾ ਨਾ ਇੰਤਜ਼ਾਮ ਕੀਤਾ "
ਮ. ਮੁਦਤਾਂ ਗੁਜ਼ਰੀਆਂ ਵਿਚ ਦੁਖਾਂ ' ਭਾਰਤੀ ਅਜ ਹੋ ਗਈ ਬੀਮਾਰ ਹਾਂ ਮੈਂ "
ਦੁਖ ਵਧਦਾ ਵਧਦਾ ਵਧ ਗਿਆ ' ਮੁਹਲਕ ਮਰਜ਼ ਨੇ ਕੀਤੀ ਲਾਚਾਰ ਹਾਂ ਮੈਂ "
ਢੇੜੇ ਉਗਾਦੇ ਤੇ ਦਾਰੂ ਨਹੀਂ ਕੀਤੀ ' ਜਿਸਮ ਗਲ ਗਿਆ ਹੋਈ ਬੇਜ਼ਾਰ ਹਾਂ ਮੈਂ "
ਦਾਰੂ ਦਸਦੀ ਹਾਂ ਜਦ ਕਰੇ ਪੁਤਰ ' ਬੱਸ ਗ਼ਦਰ ਮੇਰੀ ਤਲਬਗਾਰ ਹਾਂ ਮੈਂ "
ਯ. ਯਾਦ ਕਰ ਕਰ ਪਈ ਝੁਰਦੀ ਹਾਂ ' ਕੋਹੇਨੂਰ ਅੰਦ੍ਰ ਤਤੀ ਪਲੀ ਸਾਂ ਮੈਂ "
ਕਮਰ ਵਾਂਗ ਕਮਾਨ ਦੇ ਝੁਕੀ ਮੇਰੀ ' ਕਦੇ ਵਾਂਗ ਸ਼ਮਸ਼ਾਦ ਦੇ ਖੜੀ ਸੀ ਮੈਂ "
ਰੰਗ ਹੋਰ ਤੋਂ ਹੋਰ ਸਿਆਹ ਹੋਇਆ ' ਕਦੇ ਸੁਰਖ ਸੰਧੂਰ ਦੀ ਡਲੀ ਸੀ ਮੈਂ "
ਅਕਾਂ ਵਾਂਗ ਮੇਰੀ ਮਾਤਾ ਕਦ੍ਰ ਭੀ ਨਹੀਂ ' ਕਦੇ ਖਿੜੀ ਚੰਬੇਲੀ ਦੀ ਕਲੀ ਸੀ ਮੈਂ "
ਰ. ਰੋਂਦਿਆਂ ਤੇ ਭੁਲਾ ਬਹੁਗਾ ਕੀ ' ਉਠੋ ਮਰਦੋ ਕਿਉਂ ਹੌਸਲਾ ਹਾਰ ਬੈਠੇ "
ਪੈਰ ਪੈਰ ਉਤੇ ਪਏ ਤਰੈਂਹਕਦੇ ਹੋ ' ਆਣ ਧਰਮ ਤੇ ਸ਼ਰਮ ਵਿਸਾਰ ਬੈਠੇ "
ਸ਼ੇਰਾਂ ਵਾਂਗ ਆਜ਼ਾਦ ਹੋ ਫਿਰੋ ਖੁਲੇ ' ਵਾਂਗ ਗਿਦੜਾਂ ਕਿਉਂ ਦਿਲ ਧਾਰ ਬੈਠੇ "
ਜੇ ਕਰ ਅਸਲ ਦੀ ਨਸਲ ਹੋ ਸ਼ੇਰ ਮਰਦੋ ' ਮਾਤਾ ਰੋਂਦੜੀ ਨੂੰ ਕਿਉਂ ਵਿਸਾਰ ਬੈਠੇ "
ਲ. ਲੋਕ ਪ੍ਰਲੋਕ ਵਿਚ ਪੈਂਹ ਧਕੇ ' ਹੋਕੇ ਮਰਦ ਮੇਰੀ ਤੁਸਾਂ ਨੂੰ ਸ਼ਰਮ ਕਿਉਂ ਨਹੀਂ
ਹਿੰਦੋਸਤਾਨੀ ਗੁਲਾਮ ਹਨ ਗੋਰਿਆਂ ਦੇ ' ਦੁਨੀਆਂ ਕਹੇ ਹੁੰਦਾ ਜੀ ਨੇ ਦਰਮ ਕਿਉਂ ਨਹੀਂ
ਹਿੰਦੂ ਸਿਖ ਗਾਜ਼ੀ ਰਾਜਪੂਤ ਬਾਂਕੇ ' ਸ਼ੇਰਾਂ ਵਿਚ ਸ਼ੇਰਾਂ ਵਾਲੇ ਕ੍ਰਮ ਕਿਉਂ ਨਹੀਂ
ਹਿੰਦ ਕ੍ਰਲੀ ਭਰਦੀ ਤੁਹਾਨੂੰ ਕੋਹਿਣ ਗੋਰੇ ' ਹੁੰਦਾ ਹਿੰਦੀਆਂ ਦਾ ਖੂਨ ਗਰਮ ਕਿਉਂ ਨਹੀਂ
ਵ. ਵਾਉ ਜ਼ਮਾਨੇ ਦੀ ਫਿਰੀ ਕਿਦ੍ਰੂ ' ਮੇਰੇ ਪਾਪੀਆਂ ਨੇ ਬਾਗ ਸਾੜ ਸੁਟੇ "
ਆਪਸ ਵਿਚ ਲੜਾ ਕੇ ਗਰਕ ਕੀਤੇ ' ਮੇਰੇ ਸ਼ੇਰ ਪੁਤਰ ਕਿਦੰ ਪਾੜ ਸੁਟੇ "
ਏਨਾਂ ਗੋਰਿਆਂ ਦਗ਼ੇਦਿਆਂ ਚੋਰਿਆਂ ਨੇ ' ਮੇਰੇ ਵਸਦੇ ਸ਼ਹਿਰ ਉਜਾੜ ਸੁਟੇ "
ਮਾਤਾ ਕਹੇ ਫਰੰਗੀਆਂ ਦਗ਼ੇਬਾਜ਼ਾਂ ' ਮੇਰੀ ਜਿੰਦ ਦੇ ਥੰਮ ਉਖਾੜ ਸੁਟੇ "
ੜ. ਆੜ ਅੰਦ੍ਰ ਦਗ਼ੇਬਾਜ਼ ਬੈਠਾ ' ਤੁਸਾਂ ਗੁਰਮੁਖੋ ਅਖੀਆਂ ਮੀਟੀਆਂ ਕਿਉਂ "
ਮਿਠਾ ਬੋਲ ਜ਼ਾਲਮ ਮਗ਼ਰੂਰ ਘਾਤ ਕਰਦਾ ' ਤੁਸਾਂ ਭੋਲਿਓ ਲਾਈਆਂ ਪ੍ਰੀਤੀਆਂ ਕਿਉਂ
ਜਲਦੀ ਗ਼ਦਰ ਕਰਕੇ ਕਢੋ ਗੋਰਿਆਂ ਨੂੰ ' ਸਟ ਖਾਇਕੇ ਲਵੋ ਕਰੀਚੀਆਂ ਕਿਉਂ "
ਕਰੋ ਗ਼ਦਰ ਤੇ ਬਣੋ ਆਜ਼ਾਦ ਸ਼ੇਰੋ ' ਮਾਤਾ ਕਹੇ ਭੁਲ ਫੜੀਆਂ ਕੁਰੀਤੀਆਂ ਕਿਉਂ

# ਭਾਰਤ ਮਾਤਾ ਦੀ ਦੁੱਖ ਭਰੀ ਪੁਕਾਰ

ਮੇਰੀ ਅਰਜ਼ ਨੂੰ ਨਾਲ ਖਿਆਲ ਸੁਣਨਾਂ ' ਮੇਰੇ ਸਿਖ ਹਿੰਦੂ ਮੁਸਲਮਾਨ ਵੀਰੋ"
ਪਾਜੀ ਗੋਰਿਆਂ ਨੇ ਮੈਨੂੰ ਤੰਗ ਕੀਤਾ ' ਆਈ ਨਕ ਤੇ ਮੈਂਡੜੀ ਜਾਨ ਵੀਰੋ"
ਬੱਚੇ ਬਚੀਆਂ ਹਿੰਦ ਦੇ ਫਿਰਨ ਰੁਲਦੇ ਰੋਟੀ ਮਿਲੇ ਨਾਂ ਵਿਚੋਂ ਜਹਾਨ ਵੀਰੋ"
ਭਾਰਤ ਬੱਚੀਆਂ ਜੇਲਾਂ ਦੇ ਵਿਚ ਤੜਫਣ ਕੰਬ ਉਠਿਆ ਜ਼ਿਮੀ ਅਸਮਾਨ ਵੀਰੋ
ਭਾਰਤ ਵਿਚੋਂ ਨਾਂ ਛੋੜਿਆਂ ਮਲੇ ਕੌਡੀ ' ਮਾਲ ਲੈ ਗਿਆ ਇੰਗਲਿਸਤਾਨ ਵੀਰੋ"
ਕੁਤੇ ਖਾਣ ਫਰੰਗੀ ਦੇ ਪੇਟ ਭਰਕੇ ' ਭੁਖੇ ਹਿੰਦ ਦੇ ਮਰਨ ਇਨਸਾਨ ਵੀਰੋ"
ਜ਼ਿਮੀ ਬਾਰ ਦੀ ਮਿਲੇ ਈਸਾਈਆਂ ਨੂੰ ' ਦੇਸੀ ਉਜੜ ਪਿਛਾਂ ਨੂੰ ਜਾਣ ਵੀਰੋ"
ਵਰਸ ਹਿੰਦ ਦੇ ਬਣੇ ਅੰਗ੍ਰੇਜ਼ ਜ਼ਾਲਮ ਕੀਤੇ ਪਕੜ ਬੇਦਖਲ ਕ੍ਰਿਸਾਣ ਵੀਰੋ"
ਨੈਹਿਰਾਂ ਖੂਹਾਂ ਜ਼ਮੀਨਾਂ ਦੇ ਤੁਸੀ ਮਾਲਕ ' ਕਾਹਦੇ ਵਾਸਤੇ ਭਰੋਂ ਲਗਾਣ ਵੀਰੋ"
ਕੁਲ ਤੋਪਖਾਨੇ ਜੰਗੀ ਪਲਟਣਾਂ ਦੇ ' ਭਾੜੇ ਭੰਗੀ ਦੇ ਦੇਵਦੇ ਜਾਨ ਵੀਰੋ"
ਪੈਣ ਕਾਲ ਤੇ ਮੌਤ ਪਲੇਗ ਆਦੇ ' ਹੈਜ਼ਾ ਤਾਪ ਤੇ ਰੋਗ ਭੀ ਖਾਣ ਵੀਰੋ"
ਮੌਜ ਕੁਲ ਜਹਾਨ ਦੀ ਲੈਣ ਗੋਰੇ ' ਹਿੰਦੀ ਫਿਕੇ ਹੀ ਸੰਖ ਬਜਾਣ ਵੀਰੋ"
ਨਾਲ ਤੁਸਿਆਂ ਮੁਲਨ ਹੀ ਕੁਝ ਬਣਨਾਂ ' ਮੇਰਾ ਆਖਰੀ ਸੁਣੋਂ ਫੁਰਮਾਨ ਵੀਰੋ"
ਹਿੰਦੂ ਵੇਦ ਤੇ ਸਿੰਘਾਂ ਗ੍ਰੰਥ ਵਾਲੀ ' ਮੁਸਲਮਾਨਾਂ ਨੂੰ ਕਸਮ ਕੁਰਾਨ ਵੀਰੋ"
ਘਰੋਂ ਚੋਰ ਨੂੰ ਪਕੜਕੇ ਬਾਹਰ ਕਢੋ ' ਕਾਇਮ ਆਪਣੇ ਕਰੋ ਨਿਸ਼ਾਨ ਵੀਰੋ"
ਬਸਤੀ ਤੀਹ ਕਰੋੜ ਦਾ ਨਾਮ ਸੁਣਕੇ ' ਸਾਰੀ ਖਲਕ ਖੁਦਾ ਹੈਰਾਨ ਵੀਰੋ"
ਉਤੋਂ ਕਰਨ ਸਫਾਈਆਂ ਦਿਲੋਂ ਖੋਟੇ ' ਖੋਟੇ ਖੋਟ ਹੀ ਨਿਤ ਕਮਾਨ ਵੀਰੋ"
ਤੁਸੀ ਕਰੋ ਤਿਆਰੀਆਂ ਗਦਰ ਦੀਆਂ ' ਤੁਸਾਂ ਵਲ ਹੈ ਗਦਰ ਦਾ ਧਿਆਨ ਵੀਰੋ
ਦੁਨੀਆਂ ਦੇਖ ਕੇ ਤੁਸਾਂ ਸ਼ਾਬਾਸ਼ ਦੇਸੀ ' ਮੂਹੋਂ ਕਹੇਗੀ ਹਿੰਦੀ ਬਲਵਾਨ ਵੀਰੋ
ਖਾਤ੍ਰ ਮੁਲਕ ਦੀ ਜਿਨਾਂ ਨੇ ਜਾਨ ਵਾਰੀ ' ਸਿਰ ਤੇ ਝੂਲਦੇ ਫਿਰਨ ਨਿਸ਼ਾਨ ਵੀਰੋ"
ਹਿੰਦ ਬਾਗ਼ ਬਣਿਆ ਖਾਤ੍ਰ ਹਿੰਦੀਆਂ ਦੀ ' ਕਿਉਂ ਨਾਂ ਬਣਨ ਹਿੰਦੀ ਬਾਗ਼ਵਾਨ ਵੀਰੋ
ਤੁਸੀ ਆਪਣੀ ਫੌਜ ਤਿਆਰ ਕਰਲੋ ' ਹਿੰਦੋਸਤਾਨੀਓਂ ਬਣੋ ਬਲਵਾਨ ਵੀਰੋ
ਗੋਲੀ ਤੋਪ ਬੰਦੂਕ ਭੀ ਤਿਆਰ ਕਰਲੋ ' ਹੋਰ ਜੰਗ ਦਾ ਕੁਲ ਸਾਮਾਨ ਵੀਰੋ"
ਜੰਗ ਕਰਨ ਦੇ ਲਈ ਤਿਆਰ ਹੋਜੋ ' ਸਿਖੋ ਹਿੰਦੂਓ ਤੇ ਮੁਸਲਮਾਨ ਵੀਰੋ"
ਖੰਡਾ ਸਾਰ ਦਾ ਪਕੜ ਮੈਦਾਨ ਗੱਜੋ ' ਵੇਲਾ ਜੰਗ ਦਾ ਪੈਹੁੰਚਿਆ ਆਨ ਵੀਰੋ"
ਪਾੜ ਪਾੜ ਕੇ ਪਾਜੀਆਂ ਬਾਂਦਰਾਂ ਨੂੰ ' ਕਰੋ ਕਤਲਾਮ ਨੂੰ ਵਿਚੋਂ ਰਵਾਨ ਵੀਰੋ"

ਜੇਹੜੇ ਸੂਰਮੇ ਮਾਂਵਾਂ ਦੇ ਪੁਤ ਸੋਹਿਣੇ ' ਕਿਓਂ ਨਾ ਪੀੜਦੇ ਵੈਰੀ ਦੀ ਘਾਣ ਵੀਰੋ"
ਵੇਖੋ ਵੇਖ ਰਲ ਕੇ ਜਥੇ ਬੈਹੁਤ ਸਾਰੇ ' ਚਲੋ ਖੁਸ਼ੀ ਦਾ ਖੂਬ ਮਨਾਣ ਵੀਰੋ"
ਜੇਕਰ ਹਿੰਦ ਵਾਸ਼ੀ ਹੱਲਾ ਕਰਨ ਰਲ ਕੇ ' ਗੋਰੇ ਛੱਡ ਜਾਵਣ ਹਿੰਦੋਸਤਾਨ ਵੀਰੋ"
ਦੇਵੋ ਸਬਕ ਫਰੰਗੀਆਂ ਪਾਜੀਆਂ ਨੂੰ ' ਇਨ੍ਹਾਂ ਗਰਕ ਕੀਤਾ ਹਿੰਦੋਸਤਾਨ ਵੀਰੋ"
ਕਰੋ ਭੁਨ ਕੇ ਇਨਾਂ ਦੀ ਦੂਰ ਆਕੜ ' ਸਿਧਾ ਤੀਰ ਹੋ ਵੇ ਇੰਗਲਸਤਾਨ ਵੀਰੋ
ਟੁੱਟੇ ਜ਼ੋਰ ਫਰੰਗੀ ਦਾ ਜਗ ਉਤੋਂ ' ਬਾਦਸ਼ਾਹੀ ਦਾ ਮਿਟੇ ਨਿਸ਼ਾਨ ਵੀਰੋ
ਬਧੇ ਹਥ ਗੁਲਾਮ ਹਮੇਸ਼ ਰੈਹਿਸੀ ' ਕੈਹਿਣਾ ਤੁਸਾਂ ਦਾ ਕਰੂ ਪ੍ਰਵਾਨ ਵੀਰੋ"
ਦੇਸ਼ੋਂ ਕਢੋ ਫਰੰਗੀਆਂ ਬਾਂਦਰਾਂ ਨੂੰ ' ਆਪ ਮੁਲਕ ਦੇ ਬਣੋ ਸੁਲਤਾਨ ਵੀਰੋ"
ਜੀਉਂਦੇ ਰਹੇ ਤਾਂ ਕਰਾਂਗੇ ਬਾਦਸ਼ਾਹੀ ' ਮਰ ਗਏ ਤਾਂ ਜੱਸ ਜਹਾਨ ਵੀਰੋ"
ਭਾਰਤ ਵਰਸ਼ ਵਿਚ ਖੁਸ਼ੀ ਦੇ ਜਗਣ ਦੀਵੇ ਦੀਵੇ ਗੁੱਲ ਹੋਵਣ ਇੰਗਲਸਤਾਨ ਵੀਰੋ

## ਗੁਲਾਮ ਦੀ ਦੁਰਦਸ਼ਾ

ਜ਼ਰਾ ਗੌਰ ਸੇ ਸੋਚਣਾ ਵੀਰ ਮੇਰੇ ' ਸਾਡੀ ਕਦ੍ਰ ਕਿਓਂ ਵਿਚ ਸੰਸਾਰ ਨਾਹੀ
ਦੁਨੀਆਂ ਵਿਚੋਂ ਫਰੰਗੀਆਂ ਜੇਡ ਜ਼ਾਲਮ ' ਭੈੜੀ ਦੂਸਰੀ ਹੋਰ ਸ੍ਰਕਾਰ ਨਾਹੀ"
ਜੀਹਨੂੰ ਆਪ ਸ੍ਰਕਾਰ ਸ੍ਰਕਾਰ ਕੈਹਿੰਦੇ ' ਬਾੜੇ ਲੁਟਦੇ ਏਸ ਦੀ ਕਾਰ ਨਾਹੀ"
ਦੀਵੇ ਦਿਨੇ ਹੀ ਬਾਲ ਕੇ ਲੁਟਦੀ ਹੈ ' ਹੁੰਦੇ ਹਿੰਦ ਵਾਸ਼ੀ ਖਬਰਦਾਰ ਨਾਹੀ"
ਮਿਠੱ ਬੋਲ ਕੇ ਕੌਮ ਨੂੰ ਕਢ ਲੈਂਦੇ ' ਗੋਰੀ ਕੌਮ ਏਹ ਕਿਸੇ ਦੀ ਯਾਰ ਨਾਹੀ"
ਚੋਰ ਆਪਣਾਂ ਅਜੇ ਮਲੂਮ ਹੋਇਆ ' ਹੁੰਦੇ ਫੜਨ ਨੂੰ ਤੁਸੀਂ ਤਿਆਰ ਨਾਹੀ"
ਨਾਹੀ ਦੇਸ਼ ਨਾਂ ਤੁਸਾਂ ਦੀ ਨਸਲ ਰੈਹਿਸੀ ਖਾਲੀ ਹਥ ਜੇ ਫੜੀ ਤਲਵਾਰ ਨਾਹੀ"
ਲੋਕੀ ਦੇਖ ਕੇ ਹਿੰਦ ਨੂੰ ਥੂਕ ਸੁਤਾ ' ਬਣਦੇ ਤੁਸਾਂ ਜੈਸੇ ਮਦੱਦ ਗਾਰ ਨਾਹੀ"
ਸਗੋਂ ਦੇਖ ਸਾਨੂੰ ਪਰੇ ਦੁਰਕ ਦੇਂਦੇ ' ਅਤੇ ਆਖਦੇ ਏਹ ਖੁਦ ਮੁਖਤਾਰ ਨਾਹੀਂ"
ਅਖਾਂ ਮੀਟੀਆਂ ਰਾਜ ਨਹੀ ਹਥ ਔਣਾ ' ਜਿਚਰ ਖੜਕਦੀ ਜੰਗੀ ਤਲਵਾਰ ਨਾਹੀ"
ਜ਼ਾਲਮ ਰਹੀ ਸ੍ਰਕਾਰ ਜੇ ਦੇਸ਼ ਅੰਦਰ ' ਸਾਡਾ ਜੀਵਣਾ ਕਿਸੇ ਦਰਕਾਰ ਨਾਹੀ"
ਬੱਚੇ ਗਾਜ਼ੀਆਂ ਦੇ ਮੁਸਲਮਾਨ ਕਿਥੇ ' ਦਿਸਨ ਸੂਰਮੇ ਸਿੰਘ ਸਰਦਾਰ ਨਾਹੀ"
ਸਚੋ ਨਿਤਰੂ ਵਿਚ ਮੈਦਾਨ ਦੇ ਜੀ ' ਬੇੜੀ ਪਾਪ ਦੀ ਲੰਘਣੀ ਪਾਰ ਨਾਹੀ"
ਉਦਮ ਨਾਲ ਹੁੰਦੇ ਸਭੇ ਕੰਮ ਪੂਰੇ ' ਸਚੀ ਗਲ ਨੂੰ ਦਿਲੋਂ ਵਿਸਾਰ ਨਾਹੀ"
ਬਾਗ਼ੀ ਸਿੰਘ ਕੈਹਿੰਦਾ ਸਭੇ ਕੰਮ ਝੂਠੇ ' ਹੋਣਾ ਗਦਰ ਦੇ ਬਾਝ ਛੁਟਕਾਰ ਨਾਹੀ

# ਕਮਾ ਗਾਟ ਮਾਰੂ ਜਹਾਜ਼ ਦੇ
# ਬੇਬਸ ਹਿੰਦੀਆਂ ਦੀ ਪੁਕਾਰ

ਸੁਣੋ ਹਿੰਦੀਓ! ਜ਼ਰਾ ਧਯਾਨ ਦੇਕੇ ' ਗੱਲਾਂ ਸੁਣਿਆਂ ਸਾਰ ਘਬਰਾਵਨਾਂ ਨਾਂ "
ਸਾਡਾ ਹਾਲ ਗਰੀਬਾਂ ਦਾ ਦਰਦ ਭਰਿਆ ' ਖੋਲ ਦਸਦੇ ਹਾਂ ਮੂੰਹ ਭਵਾਵਨਾਂ ਨਾਂ "
ਜ਼ਰਾ ਸਾਂਭ ਲੈਣਾਂ ਮਨ ਆਪਨੇ ਨੂੰ ' ਹੋਕੇ ਭਰ ਦਿਆਂ ਦਮ ਉਲਟਾਵਨਾਂ ਨਾਂ "
ਦਿਲ ਰਖਣਾਂ ਸਾਂਭ ਕੇ ਖਾਲਸਾ ਜੀ ' ਮਰਦਾਂ ਵਾਂਗ ਰੋਣਾਂ ਦਿਲ ਰੈਹਲਾਵਨਾਂ ਨਾਂ "
ਖੂਬ ਮਗ਼ਜ਼ ਦੇ ਨਾਲ ਵਚਾਰ ਕਰਨੀ ' ਸੁਣ ਕੇ ਦੁੱਖ ਸਾਡੇ ਸ਼ਮਾਵਨਾਂ ਨਾਂ "
ਆਹ! ਲੱਖ ਕਜ਼ਾਖੜੇ ਪੈਣ ਮਰਦਾਂ ' ਪਏ ਪੈਣ ਯਾਰੋ ਘਬਰਾਵਨਾਂ ਨਾਂ "
ਯਾਦ ਰਖਣਾਂ ਦਗ਼ੇ ਦੇ ਯਾਰ ਤਾਈਂ ' ਉਦੇ ਪਯਾਰਿਓ ਦਿਲੋਂ ਭੁਲਾਵਨਾਂ ਨਾਂ "
ਆਵੇ ਹੱਥ ਤੇ ਖੂਬ ਜਵਾਬ ਦੇਣਾਂ ' ਅੱਗੇ ਵਾਂਗ ਭੁਲੇਖੇ ਵਿੱਚ ਆਵਨਾਂ ਨਾਂ "
ਪਾਸਾ ਫਿਰੂਗਾ ਯਾਰੋ ਜ਼ਰੂਰ ਸਾਡਾ ' ਹਿੰਮਤ ਰਖਣੀ ਦਿਲ ਉਦਰਾਵਨਾਂ ਨਾਂ "
ਬਦਲੇ ਲਵਾਂਗੇ ਗਿਣ ੨ ਹਰਾਮੀਆਂ ਤੋਂ ' ਬਚਣਾਂ ਹਿੰਦੀਓ ਦਾ ਹੇਠ ਆਵਨਾਂ ਨਾਂ "
ਬੇਈਮਾਨ ਫਰੰਗ ਬੇ ਪੀਰ ਕਾਫਰ ' ਗੱਲਾਂ ਮਿਠੀਆਂ ਤੇ ਭੁੱਲ ਜਾਵਨਾਂ ਨਾਂ "
ਯਾਰੋ ਵਕਤ ਸੋਹਣਾਂ ਸਾਡੇ ਉਠਣੇ ਦਾ ' ਪਿੱਛੇ ਕਾਇਰਾਂ ਲੱਗ ਦਬ ਜਾਵਨਾਂ ਨਾਂ "
ਨਾਲੇ ਕੁਟਦਾ ਹੈ ਨਾਲੇ ਲੁਟਦਾ ਹੈ ' ਨਾਲੇ ਹਸਦਾ ਹਾਸੇ ਵਿੱਚ ਆਵਨਾਂ ਨਾਂ "
ਜੜ੍ਹਾਂ ਕਟਦਾ ਵਿਚੋਂ ਹਰਾਮਜ਼ਾਦਾ ' ਉਤੋਂ ਪਯਾਰ ਕਰਦਾ ਧੋਖਾ ਖਾਵਨਾਂ ਨਾਂ "
ਮੁਢੋਂ ਦਸਦੇ ਹਾਂ ਸਾਰਾ ਹਾਲ ਭਾਈਓ ' ਯਾਦ ਰਖਣਾਂ ਐਂਵੇਂ ਭੁਲਾਵਨਾਂ ਨਾਂ "
ਸੋਹਣਾਂ ਵਕਤ ਜੇ ਵਕਤ ਸਿਰ ਵਕਤ ਲਭਾ ' ਵਕਤ ਸਾਂਭਣਾਂ ਵੀਰੋ ਗਵਾਵਨਾਂ ਨਾਂ "

---

ਸਾਡੇ ਦੁਖਾਂ ਵਿਚੋਂ ਦੁਖ ਵੰਡੋਣ ਵਾਲੋ ' ਕੇਹੀ ਦਿਤੀ ਨਸੀਬਾਂ ਨੇ ਹਾਰ ਸਾਨੂੰ "
ਮੁਦਤ ਗੁਜ਼ਰ ਚੁਕੀ ਦੁਖ ਸੈਹੰਦਿਆਂ ਨੂੰ ' ਮਿਲਯਾ ਅਜ ਜ਼ਮਾਨੇ ਦਾ ਯਾਰ ਸਾਨੂੰ "
ਗੁਝੀ ਮਰਜ਼ ਵਿਚੇ ਵਿੱਚ ਜ਼ੋਰ ਪਾਇਆ ' ਸਾਰਾ ਹਿੰਦ ਜੀ ਦਿਸੇ ਬੀਮਾਰ ਸਾਨੂੰ "
ਬੜੀ ਦੂਰ ਦਰਾਜ਼ ਤਕ ਨਜ਼ਰ ਮਾਰੀ ' ਲਭੀ ਮਰਜ਼ ਫਰੰਗੀ ਸਰਕਾਰ ਸਾਨੂੰ "
ਮੁਲਕੋਂ ਕਢ ਮਾਰੇ ਦੂਜੇ ਦੇਸ਼ ਅੰਦਰ ' ਕੀਤਾ ਚੀਨ ਮਚੀਨ ਖੁਆਰ ਸਾਨੂੰ "
ਆਏ ਮਿਰਕਣ ਕਨੇਡੇ ਦੇ ਹੌਂਸਲੇ ਤੇ ' ਪੈਸਾ ਖਰਚ ਆਇਆ ਬੇ ਸ਼ੁਮਾਰ ਸਾਨੂੰ "
ਮਿਰਕਣ ਬੰਦ ਹੋ ਗਈ ਹਿੰਦੋਸਤਾਨੀਆਂ ਨੂੰ ' ਅਤੇ ਢੋਇਆ ਕਨੇਡੇ ਦਾ ਬਾਰ ਸਾਨੂੰ "

ਕਈ ਵਾਰ ਅਮਰੀਕਾ ਨੇ ਆਖਿਆ ਸੀ ' ਉਠੋ ਹਿੰਦੀਓ ਸੈਨਤਾਂ ਮਾਰ ਸਾਨੂੰ "
ਸਮਝੀ ਇਕ ਨਾਂ ਅਸਾਂ ਨਮਾਣਿਆਂ ਨੇ ' ਅਕਲ ਸੈਨਤਾਂ ਦੀ ਮਧਮ ਕਾਰ ਸਾਨੂੰ "
ਮੁੜ ਮੁੜ ਔਂਦੇ ਸਾਂ ਫੇਰ ਜਾਂਵਦੇ ਸਾਂ ' ਆਵੇ ਜ਼ਰਾ ਨਾ ਸਬਰ ਕਰਾਰ ਸਾਨੂੰ "
ਬੁਰੇ ਹਾਲ ਅੰਦਰ ਭਾਵੇਂ ਦੁਖੀ ਫਿਰਦੇ ' ਲਗੇ ਨੇਕ ਦਿਲ ਤਾਂ ਭੀ ਸ੍ਰਕਾਰ ਸਾਨੂੰ "
ਖਬਰ ਨਹੀਂ ਕਿਓਂ ਗਿਰ ਗਈ ਮਤ ਸਾਡੀ ' ਕੀਤਾ ਵੱਸ ਕਿਕੂੰ ਮੰਤਰ ਮਾਰ ਸਾਨੂੰ "
ਤਾਂਹੀ ਪਤਾ ਲਗਾ ਭੈੜੇ ਮਰਜ਼ ਵਾਲਾ ' ਜਦੋਂ ਛੁਟ ਆਇਆ ਜਿਸਮੋਂ ਬਾਹਰ ਸਾਨੂੰ "
ਭੁਲ ਦਾਓ ਚਾਲਾਕ ਦੇ ਨਾਲ ਲਾਇਆ ' ਕੀਤਾ ਕਾਬੂ ਫਰੰਗ ਮਦਾਰ ਸਾਨੂੰ "
ਮਿੱਠਾ ਬੋਲਨਾਂ ਤੇ ਗੁੜ੍ਹਾ ਘਾਤ ਕਰਨਾਂ ' ਭੈੜੀ ਲੱਭੀ ਅਗ੍ਰੇਜ਼ੀ ਸ੍ਰਕਾਰ ਸਾਨੂੰ "
ਭੁਲਦੇ ਭੁਲਾਂਦਿਆਂ ਨੂੰ ਮੁਦਤ ਗੁਜ਼ਰ ਗਈ ਸੀ ' ਮਿਲਿਆ ਨਹੀਂ ਸੀ ਕੋਈ ਗ਼ਮਖਾਰ ਸਾਨੂੰ "
ਪੈਸਾ ਇਕ ਨਾ ਸੀ ਪੱਲੇ ਖਰਚਣੇ ਨੂੰ ' ਨਾਂ ਕੋਈ ਦਿਸਦਾ ਸੀ ਮਦਦ ਗਾਰ ਸਾਨੂੰ "
ਕਿਸਮਤ ਫਿਰੀ ਜ਼ਮਾਨੇ ਨੇ ਗੇੜ ਲਾਇਆ ' ਕੀਤੀ ਆਪ ਕ੍ਰਿਪਾ ਕਰਤਾਰ ਸਾਨੂੰ "
ਚਲੋ ਹਿੰਦੀਓ ਚਲੋ ਕਨੇਡੜੇ ਨੂੰ ' ਕਿਹਾ ਸਿੰਘ ਗੁਰਦਿਤ ਸ੍ਰਦਾਰ ਸਾਨੂੰ "
ਦੁਖੀ ਸੁਖੀ ਪੈਸਾ ਪੈਸਾ ਜਮਾ ਕਰਕੇ ' ਕੀਤਾ ਸਾਰਿਆਂ ਤਾਈਂ ਤਯਾਰ ਸਾਨੂੰ "
ਡਾਲੇ ਸਤਰ ਹਜ਼ਾਰ ਨੂੰ ਚੋਟ ਲੈਕੇ ' ਕੀਤਾ ਸਾਰਿਆਂ ਨੂੰ ਅਸਵਾਰ ਸਾਨੂੰ "
ਜਿਸਦੀ ਖੁਸ਼ੀ ਆ ਚੜ੍ਹੋ ਬੇ ਖੌਫ ਹੋਕੇ ' ਕਿਹਾ ਸਿੰਘ ਗੁਰਦਿਤ ਲਲਕਾਰ ਸਾਨੂੰ "
ਨਾਲੇ ਦੇਖਨਾਂ ਜੇ ਕਦਰ ਆਪਣੀ ਨੂੰ ' ਕਿਵੇਂ ਜਾਣੇ ਅੰਗ੍ਰੇਜ਼ੀ ਸ੍ਰਕਾਰ ਸਾਨੂੰ "
ਜਦੋਂ ਤੁਰਨ ਲਗੇ ਔਕੜ ਪੇਸ਼ ਆਈ ' ਕਾਣ੍ਹੀ ਅਖ ਦਿਸ ਪਈ ਦਗ਼ੇਦਾਰ ਸਾਨੂੰ "
ਅਗੋਂ ਜਾਂਵਣੇ ਤੋਂ ਸਾਨੂੰ ਰੋਕ ਦਿਤਾ ' ਇਹ ਬਦਮਾਸ਼ ਕੀਤਾ ਪੈਹਲਾ ਵਾਰ ਸਾਨੂੰ "
ਪਕੜ ਲਿਆ ਸ੍ਰਦਾਰ ਗੁਰਦਿਤ ਸਿੰਘ ਨੂੰ ' ਬਹੁ ਸਵਾਲ ਕੀਤੇ ਪੇਚਦਾਰ ਸਾਨੂੰ "
ਕੀਤੇ ਯਤਨ ਡੋਲ੍ਹਣ ਦੇ ਹਿੰਦੀਆਂ ਨੂੰ ' ਦਿਸ ਪਈ ਬਦਮਾਸ਼ ਦੀ ਕਾਰ ਸਾਨੂੰ "
ਨਹੀਂ ਡੋਲਣਾਂ ਹਿੰਦੀਓ ਸਬ੍ਰ ਕਰਨਾਂ ' ਕਿਹਾ ਸਿੰਘ ਹੁਰਾਂ ਥਾਪੀ ਮਾਰ ਸਾਨੂੰ "
ਠੀਕ ਜਾਂਵਸਾਂ ਵਿੱਚ ਕਨੇਡੇ ਦੇ ਇਕ ਵਾਰੀ ' ਕੀਤੇ ਸ਼ੇਰ ਇਹ ਕੌਲ ਕਰਾਰ ਸਾਨੂੰ "
ਆਖਰ ਰਵਾਂ ਹੋਇਆ ਬੇੜਾ ਹਿੰਦੀਆਂ ਦਾ ' ਖੜਕਨ ਲੱਗ ਪਈ ਤਾਰ ਪ੍ਰ ਤਾਰ ਸਾਨੂੰ "
ਬੁਰੇ ਹਾਲ ਮਹੀਨੇ ਦੇ ਬਾਦ ਜਾਕੇ ' ਆਯਾ ਨਜ਼ਰ ਕਨੇਡੇ ਦਾ ਬਾਰ ਸਾਨੂੰ "
ਅਗੋਂ ਰੰਗ ਮੌਲਾ ਵਾਲੇ ਹੋਰ ਦੇਖੇ ' ਦੁਖ ਮਿਲਨ ਲੱਗੇ ਬੇ ਸ਼ੁਮਾਰ ਸਾਨੂੰ "
ਦੋ ਤਿਨ ਮੀਲ ਸ਼ੈਹਰੋਂ ਬਾਹਰ ਖੜਾ ਕੀਤਾ ' ਪਹਰੇ ਖੂਬ ਲਾਏ ਬੇ ਸ਼ੁਮਾਰ ਸਾਨੂੰ "
ਉਤਰ ਸਕਦੇ ਨਾਂ ਖੂਬ ਕੈਦ ਕੀਤੇ ' ਪਾਣੀ ਵਿੱਚ ਪੱਕੇ ਜਿੰਦੇ ਮਾਰ ਸਾਨੂੰ "
ਲੱਗੀ ਖਬਰ ਕਨੇਡੇ ਦੇ ਹਿੰਦੀਆਂ ਨੂੰ ' ਆਏ ਮਿਲਣ ਹੋ ਤਯਾਰ ਬ੍ਰ ਤਯਾਰ ਸਾਨੂੰ "

ਕਰਕੇ ਬੋਟ ਕਰਾਏ ਤੇ ਵੀਰ ਸਾਡੇ ' ਆਏ ਮਿਲਣ ਸਮੁੰਦ੍ਰ ਵਿਚ ਕਾਰ ਸਾਨੂੰ "
ਔਂਦੇ ਦੇਖ ਭਰਾਵਾਂ ਨੂੰ ਜੋਸ਼ ਆਇਆ ' ਜਿਸ ਤੋਂ ਖੂਨ ਆਇਆ ਜੋਸ਼ ਮਾਰ ਸਾਨੂੰ "
ਭਾਰਤ ਵਰਸ਼ ਦੇ ਨਾਮ ਦੇ ਮਾਰ ਨਾਹਰੇ ' ਦੂਣੇ ਹੋਏ ਸਨ ਜੈਕਾਰਾਂ ਮਾਰ ਸਾਨੂੰ "
ਪਕੜ ਲਏ ਪੁਲੀਸ ਦੇ ਬੋਟ ਜੇ ਆ ' ਖਬਰ ਨਹੀਂ ਸੀ ਕੀ ਇਸਰਾਰ ਸਾਨੂੰ "
ਬਾਤ ਚੀਤ ਨਹੀਂ ਕਰਨ ਦਾ ਹੁਕਮ ਤੁਸਾਂ ਕੇ ਇਕ ਦਿਹਾੜੇ ਹਾਕਾਂ ਮਾਰ ਸਾਨੂੰ "
ਅਸੀਂ ਪੁਛਿਆ ਅਸਾਂ ਕੀ ਖੂਨ ਕੀਤਾ ' ਕਰੜਾ ਹੁਕਮ ਕਿਉਂ ਲਾਇਆ ਸ੍ਰਕਾਰ ਸਾਨੂੰ "
ਚੁਪ ਰਹੋ ਬਦਮਾਸ਼ ਜਵਾਬ ਆਖਾ ' ਆਹ ! ਫਿਰ ਗਈ ਦਿਲਾਂ ਵਿਚੋਂ ਤਾਰ ਸਾਨੂੰ "
ਭੁਲਾ ਕਰ ਕੀ ਸਕਦੇ ਸਾਂ ਫਸ ਵੇਲੇ ' ਸ਼ੇਰ ਬੰਦ ਸਾਂ ਪਿੰਜਰੇ ਮਾਰ ਸਾਨੂੰ "
ਸਕੇ ਨਹੀਂ ਜਾਂਦੇ ਏਸ ਹਦ ਵਿਚੋਂ ' ਜਿਸੇ ਜ਼ੁਲਮ ਦੇ ਔਨ ਆਸਾਰ ਸਾਨੂੰ "
ਬੋਟ ਪਕੜ ਲੈ ਗਏ ਭਾਈਆਂ ਔਦਿਆਂ ਦਾ ' ਦਾਂਹੀ ਜੀਉੜਿਆਂ ਨੂੰ ਗਏ ਮਾਰ ਸਾਨੂੰ "
ਨਾਂ ਓਹ ਮਿਲੇ ਨਾ ਕੀਤੀਆਂ ਮੂਲ ਗਲਾਂ ' ਰਹੇ ਦਿਲਾਂ ਦੇ ਦਿਲੀਂ ਗੁਬਾਰ ਸਾਨੂੰ "
ਘੇਰ ਬਿਨਾਂ ਕਸੂਰ ਦੇ ਬੰਦ ਕੀਤੇ ' ਸ਼ੈਦ ਸਮਝਿਆ ਕੀ ਡਾਕੇ ਮਾਰ ਸਾਨੂੰ "
ਨਾਂ ਕੋਈ ਪੁਛਦਾ ਤੇ ਨਾਂ ਕੋਈ ਦਸਦਾ ਈ ' ਜਿਸੇ ਜ਼ੁਲਮ ਦਾ ਅੰਧ ਗੁਬਾਰ ਸਾਨੂੰ "
ਆਖਰ ਤੋਰ ਦਿਤੇ ਕੋਟ ਰੰਗ ਉਲਿਆ ਬੇੜਾ ' ਅਧੀ ਰਾਤ ਵਾਲੀ ਪੰਦ੍ਰ ਕਾਰ ਸਾਨੂੰ "
ਨਾਂ ਕੁਝ ਪਾਇਆ ਹਾਲ ਲਿਆਂਹਿਆਂ ਦਾ ' ਦਸਣ ਨਹੀਂ ਜੈਚ ਲੋਕਿਸ ਬਾਰ ਸਾਨੂੰ "
ਦੂਜੇ ਰੋਜ਼ ਦੈਨ ਕੇ ਵਰਿਆਹ ਪੈਂਹਦੇ ' ਦਰ ਖੜ ਕੀਤਾ ਬਾਹਰ ਵਾਰ ਸਾਨੂੰ "
ਪੰਜ ਸਤ ਹਦਾਰ ਗਾਰਦ ਛਾਸ ਲੈ ਤੇ ' ਕੀਤਾ ਬੰਦ ਪਾਂਹੀ ਵਿਚ ਕਾਰ ਸਾਨੂੰ "
ਪਹਿਰੇ ਵਿਚੋਂ ਜਹਾਜ਼ ਦੇ ਵਧ ਦਿਤੇ ' ਬਾਹਰ ਬੋਟ ਲਾਏ ਪਹਿਰੇ ਦਾਰ ਸਾਨੂੰ "
ਕਿਸ ਨੂੰ ਦਸੀਏ ਦਿਲਾਂ ਦਾ ਹਾਲ ਘੋਰ ਕੋਈ ਪੁਛਦਾ ਨਾਂ ਗਮਖ੍ਵਾਰ ਸਾਨੂੰ "
ਬਾਤ ਚੀਤ ਕਰਨੇ ਸਾਨੂੰ ਬੰਦ ਕੀਤਾ ' ਖੂਬ ਟਕਰੀ ਨੇਕ ਸ੍ਰਕਾਰ ਸਾਨੂੰ "
ਬੇੜੀ ਵਿਚੋਂ ਆਕੇ ਕੋਈ ਨਹੀਂ ਮਿਲਸੀ ' ਦਿਹਾੜੀ ਉਤ ਸਾਂ ਲਲਕਾਰ ਸਾਨੂੰ "
ਕੀਤੇ ਜਾਂਉਨੇ ਦਾ ਘੋਰ ਹੁਕਮ ਨਹੀਂ ' ਲਾਇਆ ਹੁਕਮ ਕਰੜਾ ਸ੍ਰਕਾਰ ਸਾਨੂੰ "
ਪਾਣੀ ਆਨ ਮੁਕਾ ਲੰਗਰ ਮਸਤ ਹੋਇਆ ' ਕੋਈ ਪੁਛਦਾ ਨਾਂ ਖਬਰ ਸਾਰ ਸਾਨੂੰ "
ਪਾਣੀ ਪੀਣ ਨੂੰ ਨਾਂ ਅੰਨ ਖਾਣ ਨੂੰ ਨਾਂ ' ਰਿਹਾ ਮਸਤ ਲੰਗਰ ਦਿਨ ਚਾਰ ਸਾਨੂੰ "
ਘੇਰੇ ਵਿਚੋਂ ਪ੍ਰਦੇਸ਼ ਦੇ ਸੂਰਤ ਆਏ ' ਫਾਕੇ ਦਸਦੇ ਪਏ ਕਈ ਵਾਰ ਸਾਨੂੰ "
ਪਏ ਦੁਖ ਤੇ ਦੁਖ ਹਜ਼ਾਰ ਸੈਂਹਿਹੇ ' ਆਹ ! ਬਿਨਾਂ ਘੋਰੇ ਮਦਦ ਗਾਰ ਸਾਨੂੰ "
ਨਾਂ ਤੇ ਆਪ ਦਿੰਦੇ ਤੇ ਨਾਂ ਲੈਣ ਦਿੰਦੇ ' ਗਾਸ਼ਨ ਭਾਈਆਂ ਤੇ ਫੜਨ ਲਾਚਾਰ ਸਾਨੂੰ "
ਗਾਸਨ ਜਿਦੀਆਂ ਦਾਗ ਵਰਗੀ ਮਿਟ ਦੇਵੇ ' ਹਥੀਂ ਆਪਣੀ ਵਹਾ ਰਹੇ ਪਯਾਰ ਸਾਨੂੰ "

ਜਿਦੋਂ ਹੋਏ ਨਾ ਜੇਲ੍ਹ ਵਿਚੋਂ ਵੈਨਕੋਵਰ ' ਜ਼ਾਲਮ ਠੀਕ ਦਿੱਤੇ ਭੁੱਖੇ ਮਾਰ ਸਾਨੂੰ "
ਵਾਂਗ ਕੁਕੜਾਂ ਦੇ ਸਾਨੂੰ ਬੰਦ ਕੀਤਾ ' ਸ਼ਾਇਦ ਸਮਝਿਆ ਈ ਵਫ਼ਦਾਰ ਸਾਨੂੰ
ਇਕ ਦਿਨ ਦੇ ਰਾਸ਼ਨ ਸਤ ਦਿਨ ਬੰਦ ਰਖਣ ਦਿੱਤੇ ਦੁਖ ਬੇ ਤਰਸ ਹਜ਼ਾਰ ਸਾਨੂੰ "
ਚਿੱਠੀ ਭੇਜਦੇ ਤਾਂ ਬਾਹਰ ਨਹੀਂ ਦਿੰਦੇ ' ਪਾੜ ਦੈਂਦਿਹ ਭੁੱਲ ਗਈ ਵਿਚਾਰ ਸਾਨੂੰ "
ਨਾਲੇ ਵਿਚੋਂ ਅਖਬਾਰਾਂ ਦੇ ਲਿਖਣ ਝੂਠ ' ਬੜੇ ਖੁਸ਼ੀ ਹਨ ਤਿਆਰ ਬਰ ਤਿਆਰ ਸਾਨੂੰ "
ਰੋਲਾ ਪੈਣ ਆਖਣ ਜ਼ਿਦੀ ਕਰਨ ਕੂਹਕੇ ' ਵਿਚੇ ਵਿਚੋਂ ਦਿਨ ਭੁੱਖੇ ਮਾਰ ਸਾਨੂੰ "
ਖੋਰੇ ਰੱਖਿਆ ਨ ਕਾਨੂੰਨ ਇਨਸਾਫ਼ ਕੂੜ ਨਾਂ ' ਰਖੀ ਕਰਨ ਦਿਨ ਰਾਤ ਬਸਿਆਰ ਸਾਨੂੰ "
ਇਕ ਦਿਨ ਗੀਦੜਾਂ ਗੁਰਿਆਂ ਜ਼ਾਲਮਾਂ ਨੇ ' ਲੱਗੀ ਮੂਲ ਨਹੀਂ ਖਬਰ ਸਾਰ ਸਾਨੂੰ "
ਅੱਧੀ ਰਾਤ ਵੇਲੇ ਧਾਵਾ ਉਠ ਕੀਤਾ ' ਦੈਂਦਿਹ ਛਡਣ ਨਹੀਂ ਦੇਣ ਮਾਰ ਸਾਨੂੰ "
ਅਸੀਂ ਕਿਸ ਮੂੜ੍ਹ ਜਾਵਾਂਗੇ ਦੇਵੇ ਰਾਸ਼ਨ ' ਸਾਡੇ ਕਰੇ ਖਾਂ ਕੌਣ ਇਕਰਾਰ ਸਾਨੂੰ "
ਕੌਣ ਸੁਣਦਾ ਅਸਾਂ ਨਿਮਾਣਿਆਂ ਦੀ ' ਲੱਗੇ ਕਰਨ ਸਿਰ ਤੇ ਮਾਰੋ ਮਾਰ ਸਾਨੂੰ
ਫੌਜੀ ਤਰ੍ਹਾਂ ਸੋ ਬੀੜੇ ਤੇ ਰਾਤ ਅੱਧੀ ' ਸ਼ਸਤ੍ਰ ਪਹਿਨ ਆਏ ਕਰਨ ਬਾਹਰ ਸਾਨੂੰ
ਅਸੀਂ ਸਮਝਿਆ ਮਰਨ ਭੁਲੇਰੜਾ ਹੈ ' ਮਤਾਂ ਦੇਣਗੇ ਏਹ ਹਥੀਂ ਮਾਰ ਸਾਨੂੰ "
ਕਿਵੇਂ ਪੈਣਗੇ ਹੋ ਰਾਸ਼ਨ ਕੋਲ ਹੈ ਨਹੀਂ ' ਜਿਆਂ ਪੈਂਦ ਜਾਪਾਨ ਵਿਚ ਕਾਰ ਸਾਨੂੰ "
ਇਕ ਭੁਖ ਪਿਆਸ ਦੇ ਚੂਰ ਕੀਤੇ ' ਹੋਰ ਦੁਖ ਪੈਂਗਏ ਬੇ ਸ਼ੁਮਾਰ ਸਾਨੂੰ "
ਜੇਹੜਾ ਹਥੀ ਦੁਭਾਸ਼ੀਆ, ਹਾਪਕਿਨਸਨ, ਅਗੋਂ ਹੋਇਆ ਕਹੇ ਲਲਕਾਰ ਸਾਨੂੰ "
ਅਚੇਤੇ ਖਾਤਮਾ ਹੋਇਗਾ ਇਸੀ ਥਾਂ ਮੇਂ ' ਹਥੀਂ ਆਪ ਪੈਂਦਿਸੀ ਗੋਲੀ ਮਾਰ ਸਾਨੂੰ "
ਜਦੋਂ ਵਿਚੋਂ ਜਹਾਜ਼ ਦੇ ਵੜਨ ਲਗੇ ' ਦਿਤੇ ਰੋਕ ਮਤਾਂ ਕੂਸਨ ਖੁਆਰ ਸਾਨੂੰ "
ਸਾਡੇ ਹਥ ਖਾਲੀ ਓਨਾਂ ਕੋਲ ਸ਼ਸਤ੍ਰ ' ਆਏ ਮਾਰਨੇ ਨੂੰ ਨਮੱਤ ਧਾਰ ਸਾਨੂੰ "
ਅਸੀਂ ਸੋਚਿਆ ਮਰੋ ਹੁਣ ਦੋਂਗੀ ਪਾਸੀਂ ' ਜੇ ਨਾ ਲੜੇ ਤਾਂ ਭੀ ਦੇਸਨ ਮਾਰ ਸਾਨੂੰ "
ਏਹੋ ਸੋਚ ਕੇ ਖਾਲਸਾ ਤਿਆਰ ਹੋਇਆ ਕਰਨੇ ਕੋਸਿਆਂ ਦੇ ਪਏ ਵਾਰ ਸਾਨੂੰ "
ਹਿੰਦ, ਸਿਖ, ਉਠੇ ਬਚੇ ਗਾਜ਼ੀਆਂ ਦੇ ' ਖੋਰੇ ਖੂਨ ਆਇਆ ਜੋਸ਼ ਮਾਰ ਸਾਨੂੰ "
ਉਠੇ ਸ਼ੇਰ ਜਵਾਨ ਪਠਾਣ ਬਾਂਕੇ ' ਅਗੋਂ ਹੋ ਲੜਦੇ ਧਕੇ ਮਾਰ ਸਾਨੂੰ "
ਆਹ ਕਠ ਕੀਤਾ ਤਾਹਦਫਾ ਹਿੰਦੀਆਂ ਨੇ ' ਕੌਮੀ ਖੂਨ ਆਯਾ ਜੋਸ਼ ਮਾਰ ਸਾਨੂੰ "
ਇਕ ਦੂਸਰੇ ਦੇ ਅਗੇ ਹੋਇ ਲੜਦੇ ' ਸਦੇ ਮੌਤ ਦੂਰੋਂ ਹਾਕਾਂ ਮਾਰ ਸਾਨੂੰ "
ਪੈਗਿਲੇ ਹਥ ਸਟੀਮ ਦੇ ਪੰਪ ਫੜੇ ' ਉਤੇ ਹਿੰਦੀਆਂ ਦੇ ਪੂਏ ਧਾਰ ਸਾਨੂੰ "
ਅਸਾਂ ਸੀਮਨੇ ਕੀਆ ਤਸੀ ਉਤੇ ' ਦੈਂਦਿਹ ਸਕਦਾ ਸੀ ਭੁਲਾ ਮਾਰ ਸਾਨੂੰ "
ਅਸੀਂ ਸ਼ੇਰਾਂ ਦੇ ਵਾਂਗ ਤਿਆਰ ਹੋਏ ' ਮਿਲਿਆ ਹਥ ਸਬੱਬ ਸ਼ਿਕਾਰ ਸਾਨੂੰ "
ਗੋਰੇ ਕਦੂੰ ਨਾਂ ਦਿਤੇ ਜਹਾਜ਼ ਉਤੇ ' ਤਾਂ ਫਿਰ ਗੋਲੀਆਂ ਦੇ ਕੀਤੇ ਵਾਰ ਸਾਨੂੰ

ਅਗੋਂ ਹੋਏ ਉਹ ਗੋਲੀਆਂ ਮਾਰਦੇ ਸਨ । ਜੇਹੜੇ ਦਿਸਦੇ ਸਨ ਡਾਹਢੇ ਪਾਰ ਸਾਨੂੰ "
ਅਸੀਂ ਕੋਲਿਆਂ ਨਾਲ ਜਵਾਬ ਦਿਤਾ । ਨਜ਼ਰ ਆ ਗਈ ਭੇਡਾਂ ਦੀ ਡਾਰ ਸਾਨੂੰ "
ਜ਼ਖਮੀ ਹੋਏ ਗਏ ਕਈ ਜਵਾਨ ਭਾਂਵੇਂ । ਔਖਰ ਜਿੱਤ ਦਿੱਤੀ ਕਰਤਾਰ ਸਾਨੂੰ "
ਅੱਧੀ ਰਾਤ ਸਾਡੇ ਉਤੇ ਹੋਊ ਧਾਵਾ । ਇਸ ਗੱਲ ਦੀ ਨਹੀਂ ਸੀ ਸਾਰ ਸਾਨੂੰ "
ਵਿਚ ਸ਼ਹਿਰ ਦੇ ਵੀਰੋਨੋਂ ਪਵੇ ਰੌਲਾ । ਸਾਰਾ ਹਾਲ ਦਿਸੇ ਸੁਬ੍ਹਾ ਸਾਰ ਸਾਨੂੰ "
ਸਦੱ ਪਲਟਣਾਂ ਤਿਆਰ ਬਰ ਤਿਆਰ ਹੋ ਗਏ ਆਦਮ ਨਜ਼ਰ ਆਵੇ ਬੇ ਸ਼ੁਮਾਰ ਸਾਨੂੰ "
ਰੋਕੇ ਦਿਸਨ ਵੀਰੋ ਚਾਰੇ ਬਾਰ ਸਾਡੇ । ਦਿਸੇ ਲਸ਼ਕਦੀ ਤੇਜ਼ ਤਲਵਾਰ ਸਾਨੂੰ "
ਸਦੱ ਚੋਟ ਲੜਾਈ ਦੇ ਜਮਾ ਕੀਤੇ । ਮੌਤ ਪਈ ਤੱਕੇ ਝਾਤੀ ਮਾਰ ਸਾਨੂੰ "
ਖਬਰ ਨਹੀਂ ਕਿਥੋਂ ਆਦਮ ਟੁੱਟ ਆਯਾ । ਖੜੇ ਦੇਖਦੇ ਲੋਕ ਹਜ਼ਾਰ ਸਾਨੂੰ "
ਕਿੰਗ ਜਾਰਜ, ਤਾਂਈ ਅਸੀਂ ਤਾਰ ਭੇਜੀ । ਰੱਖੇ ਜਾਣਦਾ ਜੋ ਵਫਾਦਾਰ ਸਾਨੂੰ "
ਤਾਰਾਂ ਭੇਜੀਆਂ ਡੀਊਕ ਕਨਾਟ ਵਲੇ । ਅਸੀਂ ਮਰਦੇ ਹਾਂ ਬਿਨਾਂ ਮਦਦਗਾਰ ਸਾਨੂੰ "
ਅਸੀਂ ਸੋਚਾਂਗੇ ਤੁਸਾਂ ਦੀ ਹਾਲ ਵਲੋਂ । ਏਹ ਜਵਾਬ ਦੇਵੇ ਸਰਕਾਰ ਸਾਨੂੰ "
ਅਸੀਂ ਮਰ ਗਏ ਉਧਰ ਸੋਚ ਹੋਵੇ । ਬਸ ਦਿਸ ਪਏ ਭੈੜੇ ਆਸਾਰ ਸਾਨੂੰ "
ਅਸੀਂ ਤਾਰ ਪਰ ਤਾਰ ਖੜਕੌਣ ਲੱਗੇ । ਅਜੇ ਸਾਂਭੇ ਅੰਗ੍ਰੇਜ਼ੀ ਸਰਕਾਰ ਸਾਨੂੰ "
ਹਮ ਤੋ ਕੁਛ ਨਹੀਂ ਕਰ ਸਕਦੇ ਮਦਦ ਤੁਮਰੀ ਏਹ ਜਵਾਬ ਆਯਾ ਆਖਰ ਕਾਰ ਸਾਨੂੰ "
ਘੋਰ ਕਿਹਾ ਅੰਧੇਰੀ ਨੇ ਜ਼ੋਰ ਪਾਇਆ । ਚਾਰੋਂ ਤਰਫ ਦਿਸੇ ਧੰਦੂਕਾਰ ਸਾਨੂੰ "
ਹਰ ਇੱਕ ਤਰਫ ਤਿਆਰੀਆਂ ਮਰਨੇ ਦੀਆਂ ਕੋਈ ਦਿਸਦਾ ਨਹੀਂ ਮਦਦਗਾਰ ਸਾਨੂੰ "
ਲੱਖਾਂ ਕਟ ਮੁਸੀਬਤਾਂ ਅਸੀਂ ਆਏ । ਅੱਗੇ ਦੁਖ ਤੇ ਦੁਖ ਹਜ਼ਾਰ ਸਾਨੂੰ "
ਜਿਸ ਦੀ ਲਈ ਜਾਨਾਂ ਵੇਚ ਰਹੇ ਲੜਦੇ । ਭੁਲ ਗਈ ਅੰਗ੍ਰੇਜ਼ੀ ਸਰਕਾਰ ਸਾਨੂੰ "
ਤੋਪਾਂ ਬੀੜੀਆਂ ਅਸਾਂ ਨਿਰ ਦੋਸ਼ਿਆਂ ਤੇ । ਦਿੰਦੇ ਦੁਖ ਡਾਹਢੇ ਸਿਤਮਗਾਰ ਸਾਨੂੰ "
ਅਸੀਂ ਤਿਨ ਸੌ ਬਿਨਾਂ ਹਥਿਆਰ ਹਿੰਦੀ । ਮਾਰਨ ਆ ਗਏ ਕਈ ਹਜ਼ਾਰ ਸਾਨੂੰ "
ਕੇਹੜਾ ਜੰਮਿਆਂ ਸੀ ਜਾਨੂੰ ਮੋੜ ਦਿੰਦਾ । ਗਵਰਮਿਟ ਹੁੰਦੀ ਮਦਦਗਾਰ ਸਾਨੂੰ "
ਤਾਕਤ ਕੀ ਸੀ ਕਨੇਡੇ ਦੇ ਬੋਲਣੇ ਦੀ । ਜੇ ਫਰੰਗੀ ਨਾਂ ਕਰਦਾ ਖੁਆਰ ਸਾਨੂੰ "
ਮੁਦਾ ਅਜੇ ਭੇਦ ਸਾਰਾ ਜ਼ਾਹਰ ਹੋਇਆ । ਦੇਵੇ ਦੁੱਖ ਏਹ ਆਪ ਬਦਕਾਰ ਸਾਨੂੰ "
ਕਾਬਲ ਵਿਚੋਂ ਭਾਈਆਂ ਨਾਲ ਅਸੀਂ ਲੜਦੇ ਭੁੱਲੀ ਨਹੀਂ ਚਤਰਾਲ ਦੀ ਵਾਰ ਸਾਨੂੰ "
ਅਸੀਂ ਚੀਨ ਅਫਰੀਕਾ ਨੂੰ ਫਤੇ ਕੀਤਾ । ਸਾਡੇ ਕਰਤਬਾਂ ਨੇ ਲਿਆ ਮਾਰ ਸਾਨੂੰ "
ਭਾਈਆਂ ਨਾਲ ਲੜਕੇ ਅਸੀਂ ਵੈਰ ਪਾਇਆ ਭਾਰੀ ਪਈ ਕੀਤੀ ਸਾਡੀ ਕਾਰ ਸਾਨੂੰ "
ਪਾਪ ਤੋਲੀਆਂ ਮੁਲਕ ਨੇ ਵੈਰ ਕੀਤਾ । ਜ਼ਾਲਮ ਨਜ਼ਰ ਆਇਆ ਦਗੇਦਾਰ ਸਾਨੂੰ "

ਖੂਨ ਸੁਕਿਆ ਨਹੀਂ ਸਾਡਾ ਜ਼ਿਮੀ ਉਤੋਂ । ਪਏ ਦੁਖ ਸੀ ਬੇ ਸ਼ੁਮਾਰ ਸਾਨੂੰ "
ਜਾਨਾਂ ਦੇਣ ਬੈਠੇ ਪਯਾਰੇ ਭੈਣ ਭਾੜੇ । ਵੀਰੋ ਅਜ ਲਗੀ ਖਬਰ ਸਾਰ ਸਾਨੂੰ "
ਪਯਾਰੇ ਜੀਉਣੇ ਦਾ ਫਾਇਦਾ ਹੱਕ ਸਾਡਾ । ਦੂਰੇ ਦੂਰੇ ਕਰਦਾ ਸਨਸਾਰ ਸਾਨੂੰ "
ਸਾਡਾ ਹੱਕ ਕੀਏ ਮੁਲਕਾਂ ਦੂਜਿਆਂ ਦੇ । ਮੁਲਕ ਵਿਚ ਲਗਣ ਧੱਕੇ ਚਾਰ ਸਾਨੂੰ "
ਆਪੇ ਕਰੇ ਇਜ਼ਤ ਸਾਰਾ ਜਗ ਸਾਡੀ । ਮੁਲਕੀ ਰਾਜ ਹੋਵੇ ਖੁਦ ਮੁਖਤਾਰ ਸਾਨੂੰ "
ਸਾਡਾ ਰਾਜ ਹੋਵੇ ਸਾਡਾ ਭਾਗ ਹੋਵੇ । ਫੇਰ ਕਰੇ ਹਰ ਇਕ ਕਿਉਂ ਨਾ ਪਯਾਰ ਸਾਨੂੰ "
ਫੈਦਾ ਨਹੀਂ ਦੂਜੇ ਦੇਸੀਂ ਆਉਣੇ ਦਾ । ਲਗੀ ਅਜ ਹੈ ਠੀਕ ਵਿਚਾਰ ਸਾਨੂੰ "
ਪੈਸਾ ਦੌਲਤ ਪਯਾਰੇ ਸਾਡੇ ਦੇਸ਼ ਅੰਦ੍ਰ । ਲੁਟੀ ਜਾਂਦੇ ਫਰੰਗੀ ਸ੍ਰਕਾਰ ਸਾਨੂੰ "
ਵਿਦ ਵਾਨ ਰੁਲਦੇ ਜੇਲਾਂ ਵਿਚ ਸਾਡੇ । ਕਰਨੀ ਮਿਲੇ ਨਾਂ ਹਾਲ ਪੁਕਾਰ ਸਾਨੂੰ "
ਲਖਾਂ ਜੋਰ ਕੀਤੇ ਖਾਤ੍ਰ ਦੁਸ਼ਮਣਾਂ ਦੀ । ਤਾਂਹੀ ਪਈ ਬਾਜ਼ੀ ਵਿਚੋਂ ਹਾਰ ਸਾਨੂੰ "
ਜੇ ਕਰ ਬੋਲਦੇ ਹਾਂ ਬਾਗ਼ੀ ਕੈਹਣ ਸਾਨੂੰ । ਜ਼ਰਾ ਪੁਛਦੇ ਨਹੀਂ ਖਬਰ ਸਾਰ ਸਾਨੂੰ "
ਭੁਖੇ ਮਰਦੇ ਹਾਂ ਕਾਲ ਪਲੇਗ ਪਾਈ । ਕਰਦੇ ਦੇਸ਼ ਪਰਦੇਸ਼ ਖ਼ੁਆਰ ਸਾਨੂੰ "
ਹਿੰਦੋਸਤਾਨੀਓ ਹੁਣ ਕੇਹੀ ਡੇਰ ਲਾਈ । ਦੁਸ਼ਮਣ ਕਈ ਕਰ ਚੁਕਾ ਹੈ ਵਾਰ ਸਾਨੂੰ "
ਚਲੋ ਗ਼ਦਰ ਕਰੀਏ ਚਲ ਮੁਲਕ ਅੰਦ੍ਰ । ਲਗੀ ਅਜ ਪੰਜਾਬੀਓ ਸਾਰ ਸਾਨੂੰ "
ਮਾਰ ਮਾਰ ਭਰਾਵਾਂ ਦੇ ਪਾਣ ਲਾਹੇ । ਆਈ ਜ਼ਰਾ ਨਾਂ ਸੋਚ ਵਿਚਾਰ ਸਾਨੂੰ "
ਖਾ ਖਾ ਗੋਲੀਆਂ ਲੜੇ ਫਰੰਗ ਬਦਲੇ । ਪਯਾਰੇ ਲਿਆ ਭੁਲੇਖੇ ਨੇ ਮਾਰ ਸਾਨੂੰ "
ਪੜ੍ਹਨੇ ਸੁਣਨ ਵਾਲੇ ਹਿੰਦੋਸਤਾਨ ਵੀਰੋ । ਕੋਈ ਦਸੋ ਖਾਂ ਨੇਕ ਵਿਚਾਰ ਸਾਨੂੰ "
ਕਸਮਾਂ ਖਾ ਲਈਆਂ ਅਸਾਂ ਨੇ ਬੈਠ ਗੋਸ਼ੇ । ਕਰਨਾਂ ਪਵੇਗਾ ਯੁਧ ਬਲਧਾਰ ਸਾਨੂੰ "
ਆਓ ਹਿੰਦੀਓ ਰਲਕੇ ਗ਼ਦਰ ਕਰੀਏ । ਹੋਣਾਂ ਗ਼ਦਰ ਬਿਨ ਨਹੀਂ ਛੁਟਕਾਰ ਸਾਨੂੰ "

---

ਸਾਡੇ ਵੀਰੋਨੇਂ ਤੁਸਾਂ ਬੇ ਖਤਰ ਰੈਹਿਣਾਂ । ਅਸੀਂ ਆਪਣੇ ਹਥ ਦਿਖਾ ਦਿਆਂਗੇ "
ਜਿਨ੍ਹੇਂ ਅਸਾਂ ਨੂੰ ਇਨੀ ਤਕਲੀਫ ਦਿਤੀ । ਫਲ ਏਸ ਦਾ ਅਸੀਂ ਚਖਾ ਦਿਆਂਗੇ "
ਸਿਧਾਂ ਕੀਤੀਆਂ ਅਸਾਂ ਨੇ ਦੇਸ਼ ਵਲੀ । ਚਲਕੇ ਮੁਲਕ ਅੰਦ੍ਰ ਡੇਰਾ ਲਾ ਦਿਆਂਗੇ "
ਚੁਪ ਚਾਪ ਨਹੀਂ ਬੈਠਣੇ ਦੇਖ ਲੈਣਾਂ । ਆਫਤ ਕੋਈ ਨਾਂ ਕੋਈ ਲਿਆ ਦਿਆਂਗੇ "
ਅਸੀਂ ਤਲੀ ਧਰ ਲੀਆ ਸੀਸ ਆਪਣਾਂ । ਕੇਰਾਂ ਹਿੰਦ ਵਿਚ ਗ਼ਦਰ ਮਚਾ ਦਿਆਂਗੇ "
ਜੀਉਂਦੀ ਜਾਨ ਨਹੀਂ ਹਟਦੇ ਪਿਛਾਂ ਕਦੇ । ਜਿਨਾਂ ਜੋਰ ਲਗੂ ਵਾਹ ਲਾ ਦਿਆਂਗੇ "
ਕਰਦੇ ਮਿਨਤ ਨਹੀਂ ਅਸੀਂ [illegible] ਕੈਂਡਾ ਮਾਰਕੇ ਮੂੰਹ ਭੁਵਾ ਦਿਆਂਗੇ "
ਧੱਨ ਲਗੋ [illegible] ਦੇਖੋ । [illegible] ਲਾ ਦਿਆਂਗੇ "

ਹੁਣ ਨਹੀਂ ਵਫਾਦਾਰੀ ਵਾਲੇ ਗੀਤ ਗੌਂਦੇ ' ਚਲੋ ਦੇਸ਼ ਅੰਦ੍ਰ ਰੌਲਾ ਪਾ ਦਿਆਂਗੇ "
ਕੰਨੋਂ ਫੜਕੇ ਜਦੋਂ ਗੋਰੇ ਬਾਹਿਰ ਕਢੇ ' ਅਸੀਂ ਆਪਣਾਂ ਜ਼ੋਰ ਦਿਖਾ ਦਿਆਂਗੇ "
ਕਤਲ ਆਮ ਕੀਤੀ ਜਦ ਪਾਜੀਆਂ ਦੀ ' ਤਦੋਂ ਜ਼ੁਲਮ ਦਾ ਸਬਕ ਸਖਾ ਦਿਆਂਗੇ "
ਜ਼ਬਾਂ ਕਟ ਫਰੰਗ ਦੀ ਸੁਟ ਦੇਈਏ ' ਕਾਲਾ ਲੋਕ ਤੁਮ ਕੈਹਿਣ ਹਟਾ ਦਿਆਂਗੇ "
ਜਿਨਾਂ ਅਜੇ ਸਾਡੇ ਨਾਲ ਜ਼ੁਲਮ ਹੋਇਆ ਗਿਣ ਗਿਣ ਦੂਹਿਆਂ ਨੂੰ ਥਿੰਦੇ ਲਾ ਦਿਆਂਗੇ "
ਸਾਨੂੰ ਕਸਮ ਸ਼ਰੀਰ ਦੀ ਹਿੰਦ ਵਾਲੇ ' ਜਿਨਾਂ ਜ਼ੁਲਮ ਹੋਇਆ ਵਟ ਲਾ ਦਿਆਂਗੇ "
ਹਿੰਦੀ ਮਰੇ ਨਹੀਂ ਹੈਂ ਅਜੇ ਜ਼ਿੰਦੇ ਬਾਕੀ ' ਸਾਰੇ ਜਗ ਨੂੰ ਸਾਫ ਦਖਾਲ ਦਿਆਂਗੇ "
ਨਹੀਂ ਬਾਪ ਦਾਦੇ ਵਾਲਾ ਖੂਨ ਸੁਕ ' ਵੀਰੋ ਪਤਾ ਫਰੰਗੀ ਨੂੰ ਲਾ ਦਿਆਂਗੇ "
ਸਾਨੂੰ ਵਿਚ ਮੈਦਾਨ ਦੇ ਖੜੇ ਸਮਝੋ ' ਪਾਜੀ ਬਕਰੇ ਵਾਂਗ ਝਟਕ ਦਿਆਂਗੇ "
ਮੁਸਲਮਾਨ ਹਿੰਦੂ ਸਿਖ ਰਲ ਸਾਰੇ ' ਬੇਈਮਾਨ ਦਾ ਤੁਖਮ ਮਟਾ ਦਿਆਂਗੇ "
ਅਸੀਂ ਜੀਉਂਦੇ ਹਾਂ ਬਚੇ ਗਾਜ਼ੀਆਂ ਦੇ ' ਬਦਲਾ ਤੁਰਕੀ ਈਰਾਨ ਦਾ ਲਾ ਦਿਆਂਗੇ "
ਮੁਸਲਮਾਨ ਹਿੰਦੂ ਜਿਵੇਂ ਪਾੜ ਮਾਰੇ ' ਜਲਦੀ ਪਤਾ ਫਰੰਗੀਂ ਨੂੰ ਲਾ ਦਿਆਂਗੇ "
ਉਠੋ ਹਿੰਦੀਓ ਤਿਆਰ ਬਰ ਤਿਆਰ ਹੋ ਜੋ ' ਅਸੀਂ ਆਪਣੀ ਡਿਊਟੀ ਵਜਾ ਦਿਆਂਗੇ "
ਦੁਖੀ ਮਿਟਣ ਵਾਲੇ ਨਹੀਂ ਦਾਗ ਸਾਡੇ ' ਕਢੋ ਸੁਖਨ ਜ਼ਬਾਨੋਂ ਨਭਾ ਦਿਆਂਗੇ "

## ਪਿਆਰੇ ਵਤਨ ਵਾਸੀਆਂ ਨੂੰ ਸੰਦੇਸ਼

### ਕਾਮਾਗਾਟਾ ਮਾਰੂ ਦੇ ਹਿੰਦੀਆਂ ਵਲੋਂ

ਸੁਣਿਆਂ ਹੋਵਸੀ ਤੁਸਾਂ ਨੇ ਵਤਨ ਵਾਲੇ ' ਅਸੀਂ ਲਖਾਂ ਹੀ ਕਸ਼ਟ ਉਠਾ ਗਏ ਹਾਂ "
ਰੋਟੀ ਬਾਝ ਭੁਖੇ ਪਾਣੀ ਬਾਝ ਪਿਆਸੇ ' ਆਸਣ ਸਾਗਰਾਂ ਵਿਚ ਜਮਾ ਗਏ ਹਾਂ "
ਪੈਸਾ ਲਖਾਂ ਹਜ਼ਾਰਾਂ ਹੀ ਖਰਚ ਕਰਕੇ ' ਦੁਖ ਜਾਨ ਤੇ ਸਖਤ ਉਠਾ ਗਏ ਹਾਂ "
ਬਾਹਰੋਂ ਮਿਲੇ ਧਕੇ ਮਾਰਨ ਫੌਜ ਆਈ ' ਖਾਲੀ ਹਥੀਂ ਦੇ ਹਥ ਦਖਾ ਗਏ ਹਾਂ "
ਸਦੀਆਂ ਰਹੇ ਗੁਲਾਮ ਨਾ ਤਾਣ ਟੁਟੇ ' ਸਾਰੀ ਖਲਕ ਨੂੰ ਸਬਕ ਸਖਾ ਗਏ ਹਾਂ "
ਦੁਸ਼ਮਨ ਵਾਰ ਕੀਤੇ ਰੋਕੇ ਅਸਾਂ ਸਾਰੇ ' ਜ਼ਾਲਮ ਰਾਜ ਨੂੰ ਪਰਖ ਪਰਖਾ ਗਏ ਹਾਂ "
ਕਟੇ ਭੁਖ ਪਿਆਸ ਤੇ ਸਹੇ ਫਾਕੇ ' ਸਿਰੜ ਸਚੜੇ ਬੋਲ ਕਮਾ ਗਏ ਹਾਂ "
ਲਿਆ ਪਰਖ ਕਾਨੂੰਨ ਫਰੰਗੀਆਂ ਦਾ ' ਦੁਸ਼ਮਨ ਕੈਂਪ ਤੇ ਹਲਚਲੀ ਪਾ ਗਏ ਹਾਂ "
ਆਖਰ ਕੂਚ ਕੀਤਾ ਪਿਆਰੇ ਵਤਨ ਵਲੋਂ ' ਗੈਹਿਰੇ ਸਾਗਰਾਂ ਤੇ ਚਕਰ ਲਾ ਗਏ ਹਾਂ "
ਹਿੰਦੀ ਸਮਝੂੰਦੇ ਯਾਰ ਜਾਪਾਨ ਤਾਈਂ ' ਉਸਦੇ ਵਾਰੋਂ ਤੇ ਅਸੀਂ ਘਬਰਾ ਗਏ ਹਾਂ "
ਜਾਣੇ ਜ਼ਖਮ ਕਾਰੀ ਸਾਡੇ ਵਿਚ ਸੀਨੇ ' ਉਕੜ ਕਾ ਅਸੀਂ ਭੀ ਉਸਨੂੰ ਲਾ ਗਏ ਹਾਂ

ਮਤਾਂ ਸਮਝਕੇ ਯਾਰ ਪਿਆਰ ਕਰਗੇਸੋਂ ' ਕਾਲੇ ਨਾਗ ਨੂੰ ਅਸੀਂ ਸਮਝ ਗਏ ਹਾਂ "
ਓੜਕ ਫਲਦੇ ਦੁੱਖ ਮੁਸੀਬਤਾਂ ਨੂੰ ' ਭਾਰਤ ਮਾਤ ਦੀ ਗੋਦ ਵਿਚ ਆ ਗਏ ਹਾਂ "
ਅਬਲਾ ਨਾਰ ਮਾਤਾ ਹਿੰਦੋਸਤਾਨ ਸਾਡੀ ਦੁਖੀ ਦੇਖ ਕੇ ਜੋਸ਼ ਵਿਚ ਆ ਗਏ ਹਾਂ "
ਕੀਤਾ ਤੰਗ ਫਰੰਗੀ ਨੇ ਬਹੁਤ ਸਾਨੂੰ ' ਅਸੀਂ ਓਸ ਦਾ ਦਿਲ ਧੜਕਾ ਗਏ ਹਾਂ "
ਹਿੰਦੀ ਘੂਕ ਸੁਤੇ ਪਏ ਸਾ ਪਰਤਦੇ ਨਾਂ ' ਹਲੂਹਾਂ ਮਾਰਕੇ ਅਸੀਂ ਜਗਾ ਗਏ ਹਾਂ "
ਜ਼ਾਲਮ ਫੌਜ ਆਈ ਅਗੋਂ ਮਾਰਨੇ ਨੂੰ ' ਚਲੀ ਚਾਲ ਪਰ ਚਾਲ ਬਚਾ ਗਏ ਹਾਂ "
ਪੁਲਸ ਪਕੜਨਾਂ ਚਾਹੇ ਸਰਦਾਰ ਜੀ ਨੂੰ ' ਰੰਗ ਅਸੀਂ ਭੀ ਹੋਰ ਬਦਲਾ ਗਏ ਹਾਂ "
ਸਾਡੇ ਬਾਗ ਤੇ ਖਿਜ਼ਾਂ ਫਰੰਗ ਆਈ ' ਤੈਸਾਂ ਫੁਲ ਗੁਲਾਬ ਕੁਮਲਾ ਗਏ ਹਾਂ "
ਕਦੇ ਵਿਚ ਅਸਮਾਨ ਦੇ ਚਮਕਦੇ ਸਾਂ ਸੂਰਜ ਬਦਲੀਆਂ ਹੇਠ ਲੁਕਾ ਗਏ ਹਾਂ "
ਕਦੇ ਵਿਚ ਪ੍ਰਵਾਰ ਦੇ ਖੇਲਦੇ ਸਾਂ ' ਬਾਲ ਬੱਚਾ ਸਭ ਛੋੜ ਸਿਧਾ ਗਏ ਹਾਂ "
ਖਾਤ੍ਰ ਹਿੰਦ ਦੀ ਜ਼ਿੰਦੜੀ ਵਾਰ ਦਿਤੀ ' ਬਾਜ਼ੀ ਸਿਰਾਂ ਦੀ ਸਭ ਅਸੀਂ ਲਾ ਗਏ ਹਾਂ "
ਗਲਾਂ ਨਾਲ ਨਾਂ ਹੋਂਵਦੇ ਗਦਰ ਯਾਰੋ ' ਗਦਰ ਕਰਨ ਦੀ ਰੀਤ ਬਤਾ ਗਏ ਹਾਂ "
ਜਿਸਮ ਜਿਆ ਸੀ ਹਿੰਦ ਦਾ ਖੂਨ ਪੀਕੇ ਮਾਤ ਦਰਗਨਾਂ ਦੇ ਵਿਚ ਸਮਾ ਗਏ ਹਾਂ "
ਮੌਤ ਕੁਤੇ ਦੀ ਮਰਨ ਡਰਪੋਕ ਹਿੰਦੀ ' ਮੌਤ ਬਬਰ ਦੀ ਮਰਨ ਸਿਖ ਗਏ ਹਾਂ "
ਬਚੇ ਸ਼ੇਰ ਦੇ ਸੈਂ ਸ਼ੇਰਾਂ ਵਿਚ ਰੈਹਿੰਦੇ ' ਅੰਤ ਸ਼ੇਰ ਦੀ ਝਪਟ ਦਿਖਲਾ ਗਏ ਹਾਂ "
ਲਗਾ ਰੋਗ ਸ਼ਮਸ਼ੇਰ ਨੂੰ ਦੇਰ ਦਾ ਸੀ ' ਅੰਤ ਚਾਨ ਫਰੰਗ ਤੇ ਲਾ ਗਏ ਹਾਂ "
ਮੁਲਕ ਲੁਟਿਆ ਆਹ ਪ੍ਰਦੇਸੀਆਂ ਨੇ ' ਸੁਤੇ ਹਿੰਦ ਨੂੰ ਅਸੀਂ ਜਗਾ ਗਏ ਹਾਂ "
ਚਮਨ ਸੁਕਦਾ ਸੀ ਪਾਣੀ ਬਾਝ ਸਾਡਾ ' ਖੂਨ ਜਿਗ੍ਰ ਤੇ ਨੈਹਿਰ ਚਲਾ ਗਏ ਹਾਂ "
ਬੜੀ ਧਾਰ ਪੀਤਾ ਮਿਠਾ ਸ਼ੀਰ ਮਾਤਾ ' ਤੇਰੀ ਜਾਨ ਤੇ ਸ਼ਾਨ ਘੁਮਾ ਗਏ ਹਾਂ "
ਜਲਦੀ ਮਿਲੇਗੀ ਗਦਰ ਦੀ ਫੌਜ ਏਥੇ ' ਅਸੀਂ ਗਦਰ ਦਾ ਬਿਗਲ ਵਜਾ ਗਏ ਹਾਂ
ਮਰਨਾ ਅੰਤ ਸੀ ਅਜੇ ਨਾਂ ਕਲ ਮਰਦੇ ' ਮੌਤ ਸ਼ਾਨ ਵਾਲੀ ਅਸੀਂ ਪਾ ਗਏ ਹਾਂ "
ਉਠੋ ਗਦਰ ਦੇ ਪ੍ਰੇਮਿਓ ਬਹੁਤ ਜਲਦੀ ' ਪਿਛੋਂ ਕਿਹੇ ਨਾਂ ਵਕਤ ਵਿਹਾ ਗਏ ਹਾਂ "
ਹੋਸੀ ਮੇਲ ਨਾਂ ਤੁਸਾਂ ਦੇ ਨਾਲ ਸਾਡਾ ' ਛਡੇ ਜਿਸਮ ਉਡਾਰੀਆਂ ਲਾ ਗਏ ਹਾਂ "
ਤਾਜ਼ਾ ਰਖਣਾ ਜ਼ਖਮ ਨਾਂ ਸੁਕ ਜਾਵੇ ' ਸੀਨੇ ਦੁਸ਼ਮਨਾਂ ਦੇ ਜੋ ਹਿਲਾ ਗਏ ਹਾਂ "
ਬਹੁਤ ਚਿਰ ਤੋਂ ਵਕਤ ਉਡੀਕਦੇ ਸਾਂ ' ਗਲੇ ਵਿਚ ਹਾਰ ਸ਼ਹੀਦੀ ਦਾ ਪਾ ਗਏ ਹਾਂ "
ਬੱਤੀ ਕੋਟ ਵੀਰੋ ਵੈਰੀ ਦੂਰ ਸਾਡਾ ' ਜਿਦੇ ਤੁਸਾਂ ਦਾ ਅਸੀਂ ਦੇਰ ਗਏ ਹਾਂ
ਜਿਸਮ ਅਸਾਂ ਦਾ ਗੋਲੀਆਂ ਨਾਲ ਉਡਿਆ ' ਜ਼ਾਲਮ ਰਾਜ ਦੀ ਜੜ੍ਹ ਹਲਾ ਗਏ ਹਾਂ "
ਪੈਂਡੇ ਆਖਰੀ ਪ੍ਰੇਮ ਪਿਆਰਿਆਂ ਦਾ ' ਦਰਦ ਦਿਲਾਂ ਦੇ ਦਿਲਾਂ ਵਿਚ ਲਾ ਗਏ ਹਾਂ

ਕਰਨੀ ਖਿਮਾ ਤੇ ਸਦਾ ਪ੍ਰਸ਼ਨ ਰਹਿਣਾਂ । ਕੋਈ ਖਤਾ ਜੇ ਅਸੀਂ ਕਮਾ ਗਏ ਹਾਂ ॥

ਬੋਲੋ ਰੱਜ ਬੰਦੇ ਮਾਤ੍ਰਮ ਅੰਤ ਵਾਰੀ । ਪ੍ਰੀਤਮ ਆਖਰੀ ਸੁਖਨ ਸੁਨਾ ਗਏ ਹਾਂ ॥

---

## ਸੋਚ ਵਿਚਾਰ

ਖੋਲੋ ਅੱਖੀਆਂ ਜ਼ਰਾ ਹੁਸ਼ਿਆਰ ਹੋਵੋ । ਮੁਸਲਮਾਨ ਹਿੰਦੂ ਹਿੰਦੋਸਤਾਨ ਵਾਲੇ ॥

ਝੂਠੇ ਝਗੜਿਆਂ ਨੇ ਸਾਡਾ ਨਾਸ਼ ਕੀਤਾ । ਗੋਰੇ ਲੁਟਦੇ ਪੁਤ ਸ਼ੈਤਾਨ ਵਾਲੇ ॥

ਕਈ ਮਸਜਦੀਂ ਬੈਠ ਗੁਜ਼ਰਾਨ ਕਰਦੇ ਕੰਮ ਜਾਣਦੇ ਨਾਂ ਮੁਸਲਮਾਨ ਵਾਲੇ ॥

ਕਈ ਮੋਨਧਾਰੀ ਬਣੇ ਸਾਧ ਫਿਰਦੇ । ਨਹੀਂ ਜਾਣਦੇ ਕੰਮ ਇਨਸਾਨ ਵਾਲੇ ॥

ਕਈ ਸਿੱਖ ਸੂਰੇ ਅੱਖਾਂ ਮੀਟ ਬੈਠੇ । ਝਗੜੇ ਘੱਤਦੇ ਖਰੜ ਗਿਆਨ ਵਾਲੇ ॥

ਕਈ ਸੰਤ ਮਹਾਤਮਾਂ ਬਣੇਂ ਫਿਰਦੇ । ਗੱਲਾਂ ਥੋੜੀਆਂ ਤੇ ਘੁਬਰਾਨ ਵਾਲੇ ॥

ਉਲਟੇ ਝਗੜਦੇ ਕੁਲ ਜਹਾਨ ਨਾਲੋਂ । ਆਪੇ ਕੈਹਣ ਹਾਂ ਅਸੀਂ ਦੀਵਨ ਵਾਲੇ ॥

ਬਗਲਾਂ ਡੁਬਿਆ ਹਨਸ ਦੀ ਰੀਸ ਕਰਕੇ । ਨਹੀਂ ਜਾਣਦਾ ਢੰਗ ਤਰ ਜਾਨ ਵਾਲੇ ॥

ਗਿਆ ਉਲਟ ਜ਼ਮਾਨੇ ਦਾ ਰੰਗ ਯਾਰੋ । ਰਹੇ ਵਕਤ ਨਾਂ ਡੇਰ ਲਗਾਨ ਵਾਲੇ ॥

ਬੇਈਮਾਨਾਂ ਦੇ ਪੁਤ ਸ਼ੈਤਾਨ ਜੇੜ੍ਹੇ । ਭੇਦ ਗੋਰਿਆਂ ਕੋਲ ਬਤਾਨ ਵਾਲੇ ॥

ਚੁਗਲ ਖੋਰ ਨੂੰ ਲੁਟ ਕੰਗਾਲ ਕਰਨਾਂ । ਘਰ ਫੂਕ ਦੇਣੇ ਬੇਈਮਾਨ ਵਾਲੇ ॥

ਹੱਥ ਕੰਗਣੇ ਮੌਤ ਦੇ ਬੰਨ ਲੈਣੇਂ । ਜੇਜ ਗੋਰਿਆਂ ਦੇ ਘਰੀਂ ਜਾਨ ਵਾਲੇ ॥

ਐਸੇ ਆਦਮੀ ਕਰਨ ਗੁਫਤਾਰ ਕਾਨੂੰ । ਜੇੜ੍ਹੇ ਮੌਤ ਕੋਲੋਂ ਡਰ ਜਾਨ ਵਾਲੇ ॥

ਹਿੰਦੋਸਤਾਨ ਅੰਧੇਰ ਗੁਬਾਰ ਦਿਸੇ । ਕਰੋ ਤਿਆਰੀਆਂ ਸ਼ਮਾਂ ਜਗਾਨ ਵਾਲੇ ॥

ਰਹੀ ਬੁਜ਼ਦਿਲਾਂ ਦੀ ਨਹੀਂ ਲੋੜ ਕੋਈ । ਆਓ ਹੱਥ ਦਾ ਹੁਨਰ ਦਖਲਾਨ ਵਾਲੇ ॥

ਭੱਜ ਜਾਣਗੇ ਐਸ ਮੈਦਾਨ ਵਿਚੋਂ । ਵਾਂਗ ਔਰਤਾਂ ਦੇ ਡਰ ਜਾਨ ਵਾਲੇ ॥

ਭਾਈ ਮੋਮਿਨੋ ਜ਼ਰਾ ਖਿਆਲ ਕਰਨਾਂ । ਰੱਖੋ ਹੌਸਲਾ ਜੰਗ ਮਚਾਨ ਵਾਲੇ ॥

ਕਲਮ ਸਿਆਹੀ ਦਾ ਖਾਤਮਾਂ ਨਹੀਂ ਹੁੰਦਾ । ਨਹੀਂ ਮੁਕਦੇ ਹਰਫ਼ ਜ਼ਬਾਨ ਵਾਲੇ ॥

ਬਣੋਂ ਮਰਦ ਗਾਜ਼ੀ ਮੁਸਲਮਾਨ ਸਾਰੇ । ਆਓ ਸਿੱਖ ਸ਼ਹੀਦੀਆਂ ਪਾਨ ਵਾਲੇ ॥

ਜਾਬਰ ਬਾਦਸ਼ਾਹ ਦਾ ਕਰੋ ਗਰਕ ਬੇੜਾ । ਪਰੈਜੀਡੈਂਟ ਦੇ ਝੰਡੇ ਝੁਲਾਨ ਵਾਲੇ ॥

ਪੈਹਲਾਂ ਮਾਰ ਲੈਣਾਂ ਦੇਸ਼ਘਾਤੀਆਂ ਨੂੰ । ਜੇੜ੍ਹੇ ਗੋਰਿਆਂ ਦੇ ਘਰੀਂ ਜਾਨ ਵਾਲੇ ॥

ਗਦਰ ਪਾਰਟੀ ਨੂੰ ਨਹੀਂ ਲੋੜ ਕੋਈ । ਜੇੜ੍ਹੇ ਆਪਣਾਂ ਆਪ ਛੁਪਾਨ ਵਾਲੇ ॥

ਪਿੰਡਾਂ ਵਾਲਿਓ ਮਾਮਲੇ ਬੰਦ ਕਰ ਲੋ । ਕਰੋ ਤਿਆਰੀਆਂ ਲੁਟ ਮਚਾਨ ਵਾਲੇ ॥

ਜਾਦੇ ਬੈਠਕੇ ਸੋਚਣਾਂ ਨਹੀਂ ਚੰਗਾ । ਅਤੇ ਤੋਪ ਬੰਦੂਕ ਚਲਾਨ ਵਾਲੇ ॥

ਧੋਖੇ ਵਿਚ ਨਾਂ ਕਿਸੇ ਦੇ ਮੂਲ ਔਣਾਂ । ਕਦੀ ਔਣਗੇ ਦਗ਼ਾ ਕਮਾਨ ਵਾਲੇ ॥

ਆਪੋ ਆਪਣੇ ਫਰਜ਼ ਅਦਾ ਕਰੀਏ । ਸਿੱਖੋ ਹਿੰਦੂ ਤੇ ਮੁਸਲਮਾਨ ਵਾਲੇ ॥

ਮਿਲ ਜਾਣ ਫਕੀਰ ਦੇ ਨਾਲ ਬੰਦੇ । ਦੀਨ, ਮਜ਼ਹਬ ਦਾ ਭਰਮ ਮਟਾਨ ਵਾਲੇ ॥

---

## ਪੰਥ ਅੱਗੇ ਪ੍ਰਾਰਥਨਾ

ਸੋਲੇ ਆਖੀਆਂ ਤੁਸੀਂ ਕਿਉਂ ਚੁਪ ਬੈਠੇ । ਭਾਰਤ ਵਰਸ਼ ਦੀ ਹੋਏ ਕੇ ਉਲਾਦ ਸਿੱਖੋ ॥

ਕੇਹੜੀ ਗੱਲ ਖਾਤ੍ਰ ਪੰਥ ਸਾਜਿਆ ਸੀ । ਕਰੋ ਸਤਗੁਰਾਂ ਦੇ ਬਚਨ ਯਾਦ ਸਿੱਖੋ ॥

ਕਿਵੇਂ ਸਤਗੁਰਾਂ ਪੰਥ ਦੀ ਬੀੜ ਬੰਨੀ । ਦਿਤੇ ਲਾਲ ਚਾਰੇ ਬੁਨੀਯਾਦ ਸਿੱਖੋ ॥

ਜ਼ੁਲਮ ਡਕਣੇ ਨੂੰ ਗੁਰਾਂ ਸਾਜਿਆ ਸੀ । ਕੀਤੇ ਹੋਰ ਦੇ ਹੋਰ ਇਰਾਦ ਸਿੱਖੋ ॥

ਪਏ ਮੌਤ ਦੀ ਖੌਫ ਤੋਂ ਕੰਬਦੇ ਹੋ । ਤੁਸਾਂ ਨਹੀਂ ਸ਼ਹੀਦੀਆਂ ਯਾਦ ਸਿੱਖੋ ॥

ਪਏ ਚਾਰ ਦੁਫੇਰਿਓਂ ਪੈਣ ਧਕੇ । ਘਰ ਵਿਚੋਂ ਨਹੀਂ ਮਿਲਦੀ ਕੇਵਲ ਦਾਦ ਸਿੱਖੋ ॥

ਸਾਡਾ ਜਗਤ ਸਾਨੂੰ ਮੇਹਣੇ ਮਾਰਦਾ ਹੈ । ਕਰੋ ਹਿੰਦ ਨੂੰ ਝਬ ਆਜ਼ਾਦ ਸਿੱਖੋ ॥

ਵੇਖੋ ਵਾਂਗ ਸਤ ਵਜੇ ਨਾਂ ਭੁੱਲ ਜਾਣਾਂ । ਖੂਬ ਰਖਣਾਂ ਵਕਤ ਨੂੰ ਯਾਦ ਸਿੱਖੋ ॥

ਉਠੋ ਜਲਦ ਕਲੰਕੀ ਦਾ ਦਾਗ਼ ਧੋ ਦੀਏ । ਵਡ ਗੁਰੂ ਦੇ ਜੇ ਤੁਸਾਂ ਯਾਦ ਸਿੱਖੋ ॥

ਮਿਲਕੇ ਨਾਲ ਮਰਹਟੇ ਬੰਗਾਲੀਆਂ ਦੇ । ਮੁਸਲਮਾਨ ਹਿੰਦੂ ਹੋਈਏ ਸ਼ਾਦ ਸਿੱਖੋ ॥

ਅਤੇ ਸਿਖ ਭਾਈਓ ਸਚੇ ਸਿੱਖ ਬਣੀਏ । ਕਾਹਨੂੰ ਭੁਲ ਬੈਠੇ ਰਸਮ ਆਦ ਸਿੱਖੋ ॥

ਜਲਦੀ ਕੂਦ ਮੈਦਾਨ ਦੇ ਵਿਚ ਪਈਏ । ਕਰਕੇ ਕਾਰਨਾਮੇ ਪਿਛਲੇ ਯਾਦ ਸਿੱਖੋ ॥

ਕੇਵਲ ਲੋੜ ਹੈ ਤੁਸਾਂ ਬਹਾਦਰਾਂ ਦੀ । ਭਾਰਤ ਮਾਤ ਦੀ ਸੁਣੋ ਫਰਯਾਦ ਸਿੱਖੋ ॥

ਉਠੋ ਖਾਲਸਾ ਜੀ ਹੱਲਾ ਬੋਲ ਦੇਈਏ । ਕਰੀਏ ਗੋਰਿਆਂ ਨੂੰ ਬਰਬਾਦ ਸਿੱਖੋ ॥

ਕੇਹੜੇ ਕੰਮ ਭੁਲਾ ਸਾਡੇ ਜਿਸਮ ਔਣੇ । ਵਧੱਕੇ ਗਏ ਹੋ ਸਰੂ ਸ਼ਮਸ਼ਾਦ ਸਿੱਖੋ ॥

ਪਵੇ ਚਮਕ ਸ਼ਮਸ਼ੇਰ ਦੀ ਜਗ ਅੰਦਰ । ਭਾਰਤ ਵਰਸ਼ ਨੂੰ ਕਰੋ ਆਜ਼ਾਦ ਸਿੱਖੋ ॥

ਮਿਲੋ ਸਿਖ ਹਿੰਦੂ ਮੁਸਲਮਾਨ ਸਾਰੇ । ਦੇਈਏ ਕਢ ਫਰੰਗੀ ਜਲਾਦ ਸਿੱਖੋ ॥

ਐਸਾ ਨਾਲ ਸ਼ਮਸ਼ੇਰ ਜਵਾਬ ਦੇਈਏ । ਕੁਲਾਂ ਤੀਕ ਰਖਸਨ ਪਏ ਯਾਦ ਸਿੱਖੋ ॥

ਲਖਾਂ ਮਿਲਨ ਮੁਬਾਰਕਾਂ ਜਗ ਅੰਦਰ । ਬਤੀ ਕੋਟ ਕਰਸੀ ਧੰਨਵਾਦ ਸਿੱਖੋ ॥

# ਮੌਕਾ ਸੰਭਾਲੋ

"ਹਿੰਦੋਸਤਾਨ ਦੇ ਬਾਰਿਓਂ ਕੋਰੇ ਛੇਤੀ 'ਚਲੋ ਦੇਸ਼ ਨੂੰ ਖ਼ੁਦ ਮਹਾਨ ਬਦਲੇ
ਹੀਰਾ ਹਿੰਦ ਦੇ ਕੀਮਤੀ ਮਿਆ ਗੁਲਜ਼ਾਰ ਸਸਤਾ ਬੋਹਤ ਜੇ ਮਿਲੇ ਭੀ ਜਾਨ ਬਦਲੇ
ਦਸਾਂ ਗੱਲਾਂ ਮੈਂ ਗ਼ਦਰ ਦੇ ਪਿਆਰਿਆਂ ਨੂੰ 'ਜੇ ਹੋ ਤਿਆਰ ਹੁਣ ਗਦਰ ਮਚਾਣ ਬਦਲੇ
ਵੇਲਾ ਫੇਰ ਨਾ ਆਵਣਾ ਹੱਥ ਯਾਰੋ 'ਚੰਗਾ ਵਕਤ ਹੈ ਜੰਗ ਮਚਾਣ ਬਦਲੇ
ਘੇਰੀ ਫੌਜ ਫਿਰੰਗੀ ਦੀ ਵਿਚ ਯੂਰਪ' ਰਸਤਾ ਮਿਲੇ ਤਾਂ ਹੁਣ ਹਿੰਦੋਸਤਾਨ ਬਦਲੇ
ਤੁਰਕੀ ਸ਼ੇਰ ਮੈਦਾਨ ਦੇ ਵਿਚ ਆਇਆ ਮੌਕਾ ਬੋਹਤ ਸੋਹਣਾ ਹਿੰਦੋਸਤਾਨ ਬਦਲੇ
ਮਿਸ਼ਰ, ਅਰਬ, ਕਾਬਲ, ਤਿਆਰ ਬੈਠੇ' ਏਹੋ ਵਕਤ ਹੈ ਮੁਲਕ ਈਰਾਨ ਬਦਲੇ
ਬੈਠੇ ਤਿਆਰ ਸਾਰੇ ਬੱਚੇ ਗਾਜ਼ੀਆਂ ਦੇ' ਜੇਹੜੇ ਸਦਾ ਲੜਦੇ ਮੁਲਕੀਆਣ ਬਦਲੇ
ਸੁੱਤੇ ਪਏ ਲੀਡਰ ਸਾਡੇ ਦੇਸ਼ ਅੰਦਰ 'ਜੇਹੜੇ ਕੰਮ ਕਰਦੇ ਹਿੰਦੋਸਤਾਨ ਬਦਲੇ
ਓਨਾਂ ਮਰਨ ਤੋਂ ਔਂਦਾ ਡਰ ਬੋਹਤ 'ਪਿਛੇ ਫਿਰਨ ਲੁਕਦੇ ਕੁੜੀਜਨ ਬਦਲੇ
ਦੇਸ਼ ਛੱਡ ਪਰਦੇਸ ਦੇ ਵਿਚ ਬੈਠੇ 'ਕਈ ਹਿੰਦ ਦੀ ਸੇਵ ਕਮਾਣ ਬਦਲੇ
ਔਖੇ ਮਰਨ ਤੋਂ ਔਂਦ ਪੇਟ ਓਨਾਂ 'ਪਾਪੀ ਕਰਨ ਤੂੰ ਲੈ ਦੇ ਹਸੇ ਖਾਣ ਬਦਲੇ
ਅਗੇ ਹੋਇਕੇ ਕੰਮ ਨਾਂ ਮੂਲ ਕਰਦੇ 'ਭੁਖੇ ਮਾਰਦੇ ਟਕਰੇ ਮਾਣ ਬਦਲੇ
ਜੇਹੜੇ ਆਖਦੇ ਅਸੀਂ ਹਾਂ ਦੇਸ਼ ਸੇਵਕ' ਆਉਣ ਨਿਕਲੇ ਖਾਂ ਇਮਤਹਾਨ ਬਦਲੇ
ਪਿਤਾਂ ਜਾਨ ਨੂੰ ਰੱਖਿਆਂ ਤਲੀ ਉਤੇ 'ਔਖਾ ਕੰਮ ਕਰਨਾ ਹਿੰਦੋਸਤਾਨ ਬਦਲੇ
ਸੱਚੀ ਦੇਸ਼ ਸੇਵ ਕਰਨੀ ਬੋਹਤ ਔਖੀ 'ਰੋਲ ਪਾਵਦੇ ਖਰੜੇ ਗਿਆਨ ਬਦਲੇ'
ਪਾਲ ਭੁਖਾਂ ਨੂੰ ਓਨਾਂ ਦਾ ਬੋਹਤ ਛੇਤੀ 'ਜੇਹੜੇ ਕੰਮ ਕਰਦੇ ਖਾਲੀ ਮਾਣ ਬਦਲੇ
ਅਸਾਂ ਵੇਖਿਆ ਕਈ ਅਨਜਾਣ ਮੂਰਖ' ਲੜ ਮਾਰਦੇ ਕੰਮ ਅਟਕਾਣ ਬਦਲੇ
ਕਈ ਸੇਵਕਾਂ ਨੂੰ ਪੁੱਠੇ ਪੈਣ ਰਸਤੇ 'ਰੋਲਾ ਪਾਵਦੇ ਧਰਮ ਈਮਾਨ ਬਦਲੇ
ਦੇਸ਼ ਤੁਰਗਦਿਆਂ ਗ਼ਦਰ ਸਾਥੀਆਂ ਨੂੰ ਕਈ ਰੌਲ਼ ਕਰਦੇ ਰੋਟੀਆਂ ਖਾਣ ਬਦਲੇ
ਕਈ ਸੇਵਕਾਂ ਨੂੰ ਪੁੱਠੇ ਪੈਣ ਰਸਤੇ 'ਓਨਾਂ ਮਿਲੂ ਕੀ ਦੇਸ ਨੁਕਸਾਨ ਬਦਲੇ
ਜੇਹੜੇ ਰੋਕਦੇ ਗ਼ਦਰ ਨੂੰ ਜਾਣਿਆਂ ਨੂੰ ਵਿਚੋਂ ਕੰਮ ਕਰਦੇ ਇੰਗਲਸਤਾਨ ਬਦਲੇ
ਪੇਟ ਪਾਲਣਾ ਫਰਜ਼ ਹੈ ਸਾਥੀਆਂ ਦਾ 'ਐਪਰ ਜ਼ੁਲਮ ਹਾਰੀ ਦੇ ਬੇਈਮਾਨ ਬਦਲੇ
ਮਿੜ੍ਹ ਮਾਰਦੇ ਬੇਈਮਾਨ ਪਾਜੀ 'ਖੁਣੀਆ ਦੇਸ਼ ਪਾਤੀ ਪੈਂਤਣ ਖਾਣ ਬਦਲੇ
ਮੇਰਾ ਕੰਮ ਫੜਿਆ ਦੇਸ਼ ਪਾੜਤਿਆਂ ਨੇ' ਖਤਰ ਪਾ ਲਿਆ ਆਪਣੀ ਜਾਨ ਬਦਲੇ
ਮੂਰਖ ਸਮਝਦੇ ਅਸਾਂ ਦੀ ਹੈ ਤੂੰ ਇੱਜ਼ਤ 'ਕਰਦੇ ਕੰਮ ਗ਼ਦਾਰ ਅਖਵਾਣ ਬਦਲੇ"

ਪਿਛੋਂ ਜਾਣਦੇ ਨਗੀਰੀ ਹਾਲ ਹੋਏ' ਮਾਰ ਛਿੜੂੰ ਦੀ ਹੋਸੀ ਮਾਣ ਬਦਲੇ"
ਕਈਆਂ ਵਿਚ ਪ੍ਰਦੇਸ਼ ਦੇ ਨਾਲ ਦੁਖਾਂ' ਪੈਸਾ ਜੋੜਿਆ ਕਰਨ ਗੁਜ਼ਰਾਨ ਬਦਲੇ"
ਡਰਦੇ ਗਦਰ ਦੀ ਗੱਲ ਨਾਂ ਮੂਲ ਸੁਣਦੇ' ਲਗਾ ਫਿਕਰ ਹੈ ਘਰਾਂ ਨੂੰ ਜਾਣ ਬਦਲੇ"
ਰਖੋ ਯਾਦ ਨਾਂ ਖਰਚਣੇ ਮਿਲਨ ਤੁਹਾਨੂੰ' ਡਾਕੂ ਖੜੇ ਦੌਲਤ ਲੈ ਜਾਣ ਬਦਲੇ"
ਵਿਪਤ ਵਿਚ ਕਿਉਂ ਜ਼ਿੰਦਗੀ ਗਾਲਦੇ ਹੋ' ਪਾਯਾ ਜਨਮ ਕੀ ਠੋਕਰਾਂ ਖਾਣ ਬਦਲੇ"
ਹੋਕੇ ਮਰਦ ਕਿਉਂ ਹੌਸਲਾ ਤੋੜਿਆ ਈ' ਜੰਮੇ ਤੁਸੀਂ ਨਹੀਂ ਜੁਤੀਆਂ ਖਾਣ ਬਦਲੇ
ਉਮਰ ਗਾਲਕੇ ਝੂਠਿਆਂ ਵਿਚ ਕੰਮਾਂ' ਬਾਕੀ ਬਚੇਗਾ ਕੀ ਹਿੰਦੋਸਤਾਨ ਬਦਲੇ
ਵੇਲਾ ਨਹੀਂ ਹੁਣ ਪਿਛੇ ਨੂੰ ਜਾਵਣੇ ਦਾ' ਕਰੋ ਕੰਮ ਹੁਣ ਦੇਸ਼ ਬਚਾਨ ਬਦਲੇ
ਫੌਜਾਂ ਵਾਲਿਆਂ ਨੂੰ ਜਾਕੇ ਰੋਕ ਦੇਵੋ' ਕਾਨੂੰ ਲੜਨ ਮੂਰਖ ਇੰਗਲਸਤਾਨ ਬਦਲੇ
ਕਰਕੇ ਗਦਰ ਹੁਣ ਹਿੰਦ ਆਜ਼ਾਦ ਕਰੀਏ' ਕਾਨੂੰ ਬੈਠੇ ਹੋ ਠੋਕਰਾਂ ਖਾਣ ਬਦਲੇ
ਏਹੋ ਫਰਜ਼ ਵੀਰੋ ਸਾਡੀ ਜ਼ਿੰਦਗੀ ਦਾ' ਜਾਨ ਲਗਾ ਦੇਵੋ ਹਿੰਦੋਸਤਾਨ ਬਦਲੇ

## ਗਦਰ ਦੀ ਬੇਨਤੀ

ਮੇਰੇ ਮਾਰ ਪੁਕਾਰ ਕੇ ਬੋਲਣਾਂ ਕੀ' ਕੋਈ ਮਾਰਨੇ ਵਾਲਾ ਤਿਆਰ ਹੋ ਜੋ "
ਜਿਸਨੂੰ ਸ਼ੌਕ ਗੁਲਾਮਦੇ ਖੋਣੇ ਦਾ' ਆਵੇ ਨਾਲ ਸਾਡੇ ਸਾਡਾ ਯਾਰ ਹੋ ਜੋ "
ਹਿੰਦੋਸਤਾਨੀਓ ਤੁਸਾਂ ਦਾ ਦੇਸ਼ ਸਾਂਝਾ' ਸਾਰੇ ਗਦਰ ਦੇ ਲਈ ਤਿਆਰ ਹੋ ਜੋ "
ਸਾਰੇ ਸੂਰਮੇ ਰਲਕੇ ਸਲਾਹ ਕਰਕੇ' ਕਠੇ ਸੈਂਕੜੇ ਕਈ ਹਜ਼ਾਰ ਹੋ ਜੋ "
ਮੰਨੋ ਗੱਲ ਨਾਂ ਮੂਲ ਹਰਾਮੀਆਂ ਦੀ' ਇਕ ਦੂਸਰੇ ਦੇ ਸਾਰੇ ਯਾਰ ਹੋ ਜੋ "
ਸਦਾ ਪੈਣ ਉਲਟੇ ਰਸਤੇ ਪੇਟ ਪਾਲੂ' ਚਾਲ ਇਨਾਂ ਦੀ ਥੋਂ ਖਬਰਦਾਰ ਹੋ ਜੋ"
ਜੇੜ੍ਹੇ ਜ਼ੁਲਮ ਫਰੰਗੀਆਂ ਕਟਣੇ ਨੂੰ' ਤਿਖੀ ਤੇਜ਼ ਤਲਵਾਰ ਦੀ ਧਾਰ ਹੋ ਜੋ"
ਸਿੱਟੋ ਤੋੜ ਗੁਲਾਮੀ ਦਾ ਜਾਲ ਝੂਠਾ' ਗਫਲਤ ਨੀਂਦ ਨੂੰ ਛੱਡ ਬੇਦਾਰ ਹੋ ਜੋ"
ਮਰਨ ਵਾਲਿਆਂ ਫਰਜ਼ ਅਦਾ ਕੀਤਾ' ਜੀਉਣੇ ਵਾਲਿਓ ਖੁਦ ਮੁਖਤਾਰ ਹੋ ਜੋ"
ਗਦਰ ਵਾਸਤੇ ਫੌਜ ਦੀ ਕਰੋ ਭਰਤੀ' ਇਕ ਦੂਸਰੇ ਦੇ ਮਦਦਗਾਰ ਹੋ ਜੋ "
ਡਰੋ ਮੂਲ ਨਾਂ ਏਨਾਂ ਫਰੰਗੀਆਂ ਤੋਂ' ਮਾਰਨ ਮਰਨ ਨੂੰ ਜਲਦੀ ਤਿਆਰ ਹੋ ਜੋ "
ਮੁਸਲਮਾਨ, ਹਿੰਦੂ, ਅਤੇ ਖਾਲਸਾ ਜੀ' ਇਕ ਦੂਸਰੇ ਦੇ ਸਾਰੇ ਯਾਰ ਹੋ ਜੋ "
ਜੀਉਣੇ ਵਾਲਿਆਂ ਨਾਲ ਨਾਂ ਗੱਲ ਕਰੀਏ' ਮਰਨੇ ਵਾਲਿਓ ਤੁਸੀਂ ਤਿਆਰ ਹੋ ਜੋ "
ਮੰਨ ਲੋ ਤੁਸੀਂ ਗਦਰ ਦੀ ਬੇਨਤੀ ਨੂੰ' ਗਦਰ ਕਰਨ ਨੂੰ ਝਟ ਤਿਆਰ ਹੋ ਜੋ "

# ਹਿੰਦੀਓ ਨੀਂਦ ਕੋ ਤਿਆਗੋ.

ਹਿੰਦੋਸਤਾਨੀਓ ਕਿਓਂ ਨੀਂਦ੍ਰੀ ਘੋਨ ਸੁੱਟੀ । ਮਾਰੋ ਨਜ਼ਰ ਘਰ ਦੇ ਕੇਹੜੇ ਹਾਲ ਹੋ ਗਏ"
ਗਫਲਤ ਨੀਂਦ ਅੰਦ੍ਰ ਤੁਸੀਂ ਘੂਕ ਸੁੱਤੇ । ਲੱਗੀ ਅੱਗ ਘਰ ਨੂੰ ਭਾਂਬੜ ਲਾਲ ਹੋ ਗਏ"
ਉਠੋ ਸ਼ੇਰ ਮਰਦੋ ਗਫਲਤ ਨੀਂਦ ਛੋਡੋ । ਤੁਸਾਂ ਸੁਤਿਆਂ ਸੈਂਕੜੇ ਸਾਲ ਹੋ ਗਏ"
ਪੈਸਾ ਲੁੱਟ ਲੈ ਗਏ ਅੰਗ੍ਰੇਜ਼ ਸਾਰਾ । ਵੇਹੰਦੇ ਵੇਹੰਦਿਆਂ ਤੁਸੀਂ ਕੰਗਾਲ ਹੋ ਗਏ
ਤੁਸੀਂ ਵੀਰਨੋਂ ਤਰਸਦੇ ਕੌਡੀਆਂ ਨੂੰ । ਓਨਾਂ ਲੁੱਟ ਜ਼ਾਲਮ ਮਾਲਾ ਮਾਲ ਹੋ ਗਏ"
ਕਿਥੇ ਗਏ ਅਸਾਡੜੇ ਐਸ਼ ਇਸ਼ਰਤ । ਕਾਹਨੂੰ ਵੀਰਨੋ ਅੱਜ ਕੰਗਾਲ ਹੋ ਗਏ"
ਲੰਡਨ ਵਿਚ ਲੈ ਗਏ ਗੋਰੇ ਖਿੱਚ ਸਭ ਕੁਝ । ਤੁਸੀਂ ਵਰਗੇ ਠਨ ਠਨ ਗੁਪਾਲ ਹੋ ਗਏ"
ਸਾਡੀ ਕਿਦ੍ਹੇ ਗੁਲਾਮੀ ਨੇ ਧੌਣ ਭੰਨੀ । ਕਾਇਰ ਹਦੋਂ ਬੀ ਵੱਧ ਖਿਆਲ ਹੋ ਗਏ"
ਉਠੋ ਤੋੜ ਗੁਲਾਮੀ ਦਾ ਜਾਲ ਦੇਈਏ । ਛਿੜੇ ਪੈਂਦਿਆਂ ਨੂੰ ਕਈ ਸਾਲ ਹੋ ਗਏ"
ਦੇਖੋ ਕਈ ਕਰੋੜਾਂ ਦੀ ਵਿਚ ਗਿਣਤੀ । ਦੀਂਗ ਭੇਟ ਪਲੇਗ ਤੇ ਕਾਲ ਹੋ ਗਏ"
ਦੋ ਕਰੋੜ ਥੀਂ ਦੇ ਸੋਲਾਂ ਸਾਲ ਅੰਦਰ । ਦੁੱਖ ਭੁੱਖ ਦੇ ਨਾਲ ਹਲਾਲ ਹੋ ਗਏ"
ਲੰਡਨ ਵਿਚ ਸੜਕਾਂ ਉਤੇ ਰਬੜ ਚਾਹੜੀ । ਸਾਡੇ ਉਤੇ ਘਟਾਂ ਮੰਦੇ ਹਾਲ ਹੋ ਗਏ"
ਆਲੂ ਪੁਟਿਆਂ ਤੋਂ ਪੈਸਾ ਜੁੜੇ ਨਾਹੀਂ । ਗੋਡੀ ਕਰਦਿਆਂ ਦੇ ਗੋਡੇ ਲਾਲ ਹੋ ਗਏ"
ਫੌਜੀ ਨੌਕਰੀ ਖਾਣ ਨਾ ਪੀਣ ਤੁਰਦਾ । ਵੀਰੋ ਕਾਸਿਆਂ ਤੋਂ ਧੌਲੇ ਵਾਲ ਹੋ ਗਏ"
ਪੈਸਾ ਜੁੜੇ ਨਾ ਨਾਲ ਮਜ਼ਦੂਰੀਆਂ ਦੇ । ਝਿੜਕਾਂ ਸੈਹੰਦਿਆਂ ਨੂੰ ਕਈ ਸਾਲ ਹੋ ਗਏ"
ਪਏ ਚੀਨ, ਅਫਰੀਕਾ, ਦੇ ਵਿਚ ਭੌਂਦੇ । ਵਜਣ ਠੋਕਰਾਂ ਤੇ ਭੈੜੇ ਹਾਲ ਹੋ ਗਏ"
ਕੀ ਕੁਝ ਖਟਿਆ ਜੇ ਮਿਰਕਨ ਵਿਚ ਆਕੇ । ਦੇਸ਼ ਛਡਿਆਂ ਨੂੰ ਕਈ ਸਾਲ ਹੋ ਗਏ"
ਕੁਲੀ ਕੁਲੀ ਕੈਹ ਕੇ ਦੁਨੀਆਂ ਨੱਕ ਚਾਹੜੇ । ਵੀਰੋ ਅਸੀਂ ਬੇਸ਼ਰਮ ਕਮਾਲ ਹੋ ਗਏ"
ਹੋਦੇ ਅਣਖ ਤੇ ਸਮਝੀਏ ਝਟ ਸੈਨਤ । ਡੰਡੇ ਖਾਂਦਿਆਂ ਦੇ ਫੁੰਡਰ ਲਾਲ ਹੋ ਗਏ"
ਭੁਲ ਜੀਵਣੇ ਦਾ ਕਾਹਦਾ ਹੱਜ ਸਾਡਾ । ਸਾਡੇ ਕੁਤਿਆਂ ਥੋਂ ਭੈੜੇ ਹਾਲ ਹੋ ਗਏ"
ਗੋਰੇ ਓਹਨਾਂ ਦਾ ਖਾਤਮਾ ਕਰੀ ਜਾਂਦੇ । ਭਾਰੇ ਜਿਨਾਂ ਦੇ ਤੁਸੀਂ ਰਖਵਾਲ ਹੋ ਗਏ"
ਨਾਲ ਚੰਦਿਆਂ ਕਦੀ ਨਾ ਕਾਲ ਰੁਕਦੇ । ਸਾਨੂੰ ਵੇਹੰਦਿਆਂ ਨੂੰ ਕਈ ਸਾਲ ਹੋ ਗਏ"
ਤੁਸੀਂ ਪਾਵਦੇ ਹੋ ਪਾਣੀ ਪਤਿਆਂ ਨੂੰ । ਜੜ੍ਹਾਂ ਵਲ ਨਾ ਦੇਸ ਤੇ ਖਿਆਲ ਹੋ ਗਏ"
ਖੇਲ ਰਾਜ ਨੀਤੀ ਵਾਲੀ ਭੁੱਲ ਬੈਠੇ । ਤਾਹੀਂ ਦੇਸ ਤੇ ਰਾਜ ਬੇ ਹਾਲ ਹੋ ਗਏ"
ਆਪਸ ਵਿਚ ਲੜਕੇ ਮੂਰਖੋ ਖਟਿਆ ਕੀ । ਛੁਰੀ ਫੁੱਟ ਦੀ ਨਾਲ ਹਲਾਲ ਹੋ ਗਏ"
ਜ਼ਿਮੀਂ ਸਾਡੀ ਤੇ ਲੈਣ ਲਗਾਣ ਗੋਰੇ । ਦੇਖੋ ਕੇਹੇ ਜ਼ਮਾਨੇ ਦੇ ਚਾਲ ਹੋ ਗਏ"
੬੫ ਪੈਂਸਿਟ ਫੀ ਸਦੀ ਨਾਲ ਤਲਵਾਰ ਲੈਂਦੇ । ਭੈੜੇ ਗੀਧੀਆਂ ਥੀਂ ਸਾਡੇ ਖਿਆਲ ਹੋ ਗਏ"

ਪਈਆਂ ਗੋਰੀਆਂ ਲੜਦੀਆਂ ਹੱਕ ਪਿਛੇ ' ਸਾਡੇ ਉਨਾਂ ਤੇ ਚਿੱਤ ਕੰਗਾਲ ਹੋ ਗਏ "
ਹੋਕੇ ਮਰਦ ਪਿਆਰਾ ਦੇਸ਼ ਸਾਂਭ ਲਈਏ' ਕੇਹੜੀ ਗੱਲ ਤੋਂ ਭੁਲ ਨਿਢਾਲ ਹੋ ਗਏ "
ਗਦਰ ਕੂਕ ਪੁਕਾਰਦਾ ਦਿਨੇ ਰਾਤੀਂ ' ਉਠੋ ਸੁਤਿਓ ਮੰਦੜੇ ਹਾਲ ਹੋ ਗਏ "
ਹਿੰਦੋਸਤਾਨੀਓ ਰਹੂ ਨਾ ਨਾਮ ਬਾਕੀ ' ਏਸੇ ਤਰਾਂ ਜੇਕਰ ਪੰਜੀ ਸਾਲ ਹੋ ਗਏ "
ਛੇਤੀ ਕਰੋ ਤਿਆਰੀਆਂ ਗਦਰ ਦੀਆਂ ' ਹੁਣ ਤਾਂ ਬੋਹੁਤ ਹੀ ਮੰਦੜੇ ਹਾਲ ਹੋ ਗਏ "

## ਭਾਰਤ ਮਾਤਾ ਦੀ ਪੁਕਾਰ ਫੌਜਾਂ ਵਾਲਿਆਂ ਨੂੰ

ਫੌਜਾਂ ਵਾਲਿਓ ਸ਼ੇਰ ਜਵਾਨ ਮਰਦੋ ' ਸੁਣਨਾ ਬੁਢੜੀ ਦਾ ਏਹ ਸਵਾਲ ਮੇਰਾ "
ਦਸਾਂ ਕਿਵੇਂ ਨਹੀਂ ਦਸਿਆ ਜਾਂਵਦਾ ਹੈ ' ਦੁਖੀਂ ਭਰਿਆ ਨਮਾਣੀ ਦਾ ਹਾਲ ਮੇਰਾ "
ਕਿਵੇਂ ਲਿਖਾਂ ਸ਼ੋਰੋ ਦਿਲ ਫਟਦਾ ਹੈ ' ਅੱਤੀ ਦੁਖ ਭਰਿਆ ਮੰਦਾ ਹਾਲ ਮੇਰਾ "
ਦਿਲ ਫਟ ਜਾਵੇ ਪਏ ਤੜਫ ਮਰਸੋਂ ' ਜੇਕਰ ਸੁਣੋਂ ਬਚਿਓ ਸਾਰਾ ਹਾਲ ਮੇਰਾ "
ਚੋਰਾਂ ਲੁਟੀ ਹਾਂ ਕੁਠੀ ਹਾਂ ਦਗੇ ਬਾਜ਼ਾਂ ' ਕੀਤਾ ਜ਼ਬਤ ਫਰੰਗ ਨੇ ਮਾਲ ਮੇਰਾ "
ਘਣੇ ਛੁਰੀ ਕਸਾਈ ਨੇ ਜ਼ਖਮ ਕੀਤੇ ' ਰੰਗ ਜ਼ਰਦ ਹੋਇਆ ਦੁਖਾਂ ਨਾਲ ਮੇਰਾ "
ਡਾਹਡੀ ਪੀੜ ਹੋਵੇ ਨਹੀਂ ਰੋਣ ਦੇਵੇ ' ਪਿਆ ਵਾਹ ਚੰਡਾਲ ਦੇ ਨਾਲ ਮੇਰਾ "
ਕੀਤੇ ਜ਼ਖਮ ਬੇਦਰਦ ਨੇ ਸਰਦ ਹੋ ਗਏ ਫਟ ਆਕੜੇ ਜੀਉਣ ਮੁਹਾਲ ਮੇਰਾ "
ਇਤਨੇ ਜ਼ਖਮ ਹੋਏ ਮੇਰੇ ਜਿਗਰ ਅੰਦਰ' ਗਦਰ ਸੋਚਿਆ ਵੇਖਕੇ ਹਾਲ ਮੇਰਾ "
ਜੇਕਰ ਕੂਕ ਮਾਰਾਂ ਅਰਸ਼ ਕੰਬ ਜਾਵੇ ' ਸੁਣਕੇ ਸਹੇ ਨਾ ਦੁੱਖ ਪਤਾਲ ਮੇਰਾ "
ਫੌਜਾਂ ਵਾਲਿਓ ਸੁਣੋਂ ਪੁਕਾਰ ਮੇਰੀ ' ਬੋਹੁਤ ਤੁਸਾਂ ਦੇ ਜ਼ੁਮੇਂ ਸਵਾਲ ਮੇਰਾ "
ਲਖਾਂ ਕਾਲ ਪਲੇਗ ਦੇ ਨਾਲ ਮਰ ਗਏ ' ਹਰਦਮ ਓਧਰੇ ਰਹੇ ਖਿਆਲ ਮੇਰਾ "
ਲਹੂ ਸੁਕਿਆ ਤੇ ਖੁਰਦੇ ਹੱਡ ਮੇਰੇ ' ਖੜਕੇ ਚੰਮ ਗੁਲਾਮੀ ਦੇ ਨਾਲ ਮੇਰਾ "
ਫੌਜਾਂ ਵਾਲਿਓ ਫੜੋ ਫਰੰਗ ਤਾਂਈ ' ਖੂਬ ਨਿਕਲੇ ਦਿਲੀ ਉਬਾਲ ਮੇਰਾ "
ਕੇਹੀ ਜ਼ੁਲਮ ਦੀ ਖਿਜ਼ਾਂ ਬਹਾਰ ਆਈ ' ਨਾਮ ਮੇਟ ਕੀਤਾ ਬੇ ਮਸਾਲ ਮੇਰਾ "
ਸੋਇਨ ਚਿੜੀ ਜਗੱ ਮੈਨੂੰ ਜਾਣਦਾ ਸੀ' ਅਜੱ ਕਾਂਗੜੀ ਦੇ ਵਾਲਾ ਹਾਲ ਮੇਰਾ "
ਜ਼ਾਲਮ ਚਾਹੁੰਦੇ ਨਾਮ ਦੇ ਮੇਟਣੇ ਨੂੰ ' ਲਵੋ ਬਚਿਓ ਨਾਮ ਸੰਭਾਲ ਮੇਰਾ "
ਫੌਜਾਂ ਵਾਲਿਓ ਕਿਓਂ ਹਥੀਂ ਪਾਲਦੇ ਹੋ ' ਦੁਸ਼ਮਣ ਸਖਤ ਫਰੰਗ ਚੰਡਾਲ ਮੇਰਾ "
ਕਾਹਨੂੰ ਆਪ ਲੁਟੌਂਦੇ ਹੋ ਸ਼ੇਰ ਮਰਦੋ ' ਕੀਤੀ ਭੁਲੱ ਤੇ ਹੋਇਆ ਜ਼ਵਾਲ ਮੇਰਾ "
ਅਜ਼ ਹਈ ਵੇਲਾ ਘਰ ਨੂੰ ਸਾਂਭਣੇ ਦਾ ' ਬੋਹੁਤ ਅਜੇ ਭੀ ਬਚ ਜਾਏ ਮਾਲ ਮੇਰਾ "

---

## ਹਿੰਦ ਦੇ ਸੂਰ ਬੀਰਾਂ ਦੀ ਯਾਦਗਾਰ

ਹਿੰਦੇ ਸਤਾਈਓਂ ਜ਼ਰਾ ਧਿਆਨ ਮਾਰੋ ' ਸਾਡੀ ਬਾਪ ਦਾਦੇ ਵਾਲੀ ਚਾਲ ਕਿਉਂ ਨਹੀਂ
ਲਖੋਂ ਕੱਖ ਹੋ ਗਏ ਹੋ ਸ਼ੇਰ ਮਰਦੋ ' ਅਜੇ ਵੀਰੋ ਨੇ ਆਂਦੇ ਖਿਆਲ ਕਿਉਂ ਨਹੀਂ"
ਖਾਤ੍ਰ ਧਰਮ ਦੀ ਲੜੇ ਬਜ਼ੁਰਗ ਸਾਡੇ ' ਕੀਤੇ ਓਨ੍ਹਾਂ ਨੇ ਜੰਗ ਕਮਾਲ ਕਿਉਂ ਨਹੀਂ"
ਸਖਤੀ ਦੇਖ ਕੇ ਜ਼ੁਲਮ ਦੀ ਨਹੀਂ ਕੰਬੇ ' ਡਟੇ ਰਹੇ ਓਹ ਹਿੰਦ ਦੇ ਲਾਲ ਕਿਉਂ ਨਹੀਂ"
ਸਾਕੇ ਸਿੰਘ ਗੋਬਿੰਦ ਦੇ ਯਾਦ ਜੇ ਕਰ ' ਖੂਨ ਮਾਰਦੇ ਸਾਡੇ ਉਛਾਲ ਕਿਉਂ ਨਹੀਂ"
ਹਰੀ ਸਿੰਘ ਨਲੂਏ ਤਾਈਂ ਜਗ ਜਾਣੇ ' ਕਾਇਮ ਕਰ ਗਏ ਜਗ ਮਸਾਲ ਕਿਉਂ ਨਹੀਂ
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ ' ਬੁਢੀ ਉਮਰ ਲੱਖਾਂ ਘਾਲੇ ਘਾਲ ਕਿਉਂ ਨਹੀਂ
ਦੁਨੀਆਂ ਤੀਕ ਰਹਿਸੀ ਨਾਮ ਜਗ ਉਤੇ ' ਦੁਨੀਆਂ ਜਾਣਦੀ ਓਨ੍ਹਾਂ ਦਾ ਹਾਲ ਕਿਉਂ ਨਹੀਂ
ਜਿਨਾਂ ਜਾਮ ਸ਼ਹੀਦੀ ਦੇ ਨੋਸ਼ ਕੀਤੇ ' ਸਦਾ ਰਹਿਣਗੇ ਓਹ ਮਸਤ ਹਾਲ ਕਿਉਂ ਨਹੀਂ
ਜਿਨਾਂ ਦੇਸ਼ ਖਾਤ੍ਰ ਸੀਸ ਭੇਟ ਕੀਤੇ ' ਜੀਉਂਦੇ ਸਦਾ ਰਹਿਸਨ ਨੇ ਨਿਹਾਲ ਕਿਉਂ ਨਹੀਂ
ਬਹੁਤ ਦੂਰ ਕਾਹਨੂੰ ਸੁਣੋ ਹਾਲ ਹੁਣ ਦਾ ' ਲੱਖਾਂ ਫਿਰਨ ਬੁਜਦੇ ਹੀਰੇ ਲਾਲ ਕਿਉਂ ਨਹੀਂ
ਮਿਸਟ੍ਰ ਤਿਲਕ ਤੇ ਸਿੰਘ ਅਜੀਤ ਯਾਰੋ ' ਕੀਤਾ ਸਿੰਘ ਭਗਵਾਨ ਕਮਾਲ ਕਿਉਂ ਨਹੀਂ"
ਘੋਸ, ਰਾਮਚੰਦ੍ਰ, ਤੇ ਬਰਕ ਤੁਲਾ ' ਹਸਰਤ ਮੁਹਾਨੀ ਤੇ ਹਰਦਿਆਲ ਕਿਉਂ ਨਹੀਂ
ਜੇਲਾਂ ਕਟਦੇ ਛੁਟਦੇ ਫਾਂਸੀਆਂ ਤੇ ' ਬੀਰ ਸਵਰਕਰ ਤੇ ਹੋਤੀ ਲਾਲ ਕਿਉਂ ਨਹੀਂ
ਦੇਵੀ ਮੈਡਮ ਕਾਮਾਂ ਤੇ ਕ੍ਰਿਸਨ ਵਰਮਾ ' ਪਿੰਡੀ ਦਾਸ ਤੇ ਨੰਦ ਗੋਪਾਲ ਕਿਉਂ ਨਹੀਂ
ਹਸਰਤ ਸੂਫੀ ਬਰਿੰਦ੍ਰ ਮੋਹਨ ਘੋਸ ਵਰਗੇ, ਕੀਤਾ ਲਿਆਕਤ ਹੁਸੈਨ ਕਮਾਲ ਕਿਉਂ ਨਹੀਂ
ਭਾਗ ਸਿੰਘ ਜੋ ਅੰਤ ਸ਼ਹੀਦ ਹੋਇਆ ' ਬਚਨ ਸਿੰਘ ਸੀ ਓਸ ਦੇ ਨਾਲ ਕਿਉਂ ਨਹੀਂ
ਕੀ ਕਸੂਰ ਕੀਤਾ ਏਨਾਂ ਸੂਰਿਆਂ ਨੇ ' ਸੁਖੀ ਵਸਦੇ ਮਾਤਾ ਤੇਰੇ ਲਾਲ ਕਿਉਂ ਨਹੀਂ
ਜਲਾ ਵਤਨ ਬੈਠੇ ਵਿਦਵਾਨ ਸਾਰੇ ' ਸਾਨੂੰ ਭੋਲਿਓ ਆਂਦੇ ਖਿਆਲ ਕਿਉਂ ਨਹੀਂ
ਫਾਹਿਆ ਗੁਰਦਤ ਵਰਮਾ ਜਿਥੇ ਸੀਸ ਲਾਹਿਆ ' ਸਿਖੋ ਅਜੇ ਸਾਡਾ ਮੰਦਾ ਹਾਲ ਕਿਉਂ ਨਹੀਂ
ਪਟੇ ਰਾਗਲਾਂ ਤੇ ਲੀਖਾਂ ਮਾਰਦੇ ਹੋ ' ਫੜਦੇ ਹਥ ਤਲਵਾਰ ਤੇ ਢਾਲ ਕਿਉਂ ਨਹੀਂ
ਐਂਵੇ ਮਿਨਤਾਂ ਤੇ ਕਾਨੂੰ ਜ਼ੋਰ ਪਾਇਆ ' ਸਿੰਘਾਂ ਵਿਚੋਂ ਸ਼ੇਰਾਂ ਵਾਲੀ ਚਾਲ ਕਿਉਂ ਨਹੀਂ
ਉਠੋ ਹਿੰਦੀਓ ਦੇਸ਼ ਨੂੰ ਸਾਂਭ ਲਈਏ ' ਸਾਡੇ ਮਾਰਦੇ ਖੂਨ ਉਛਾਲ ਕਿਉਂ ਨਹੀਂ
ਫਿਰੋ ਵਿਚ ਪਰਦੇਸ਼ ਬਦਨਾਮ ਹੁੰਦੇ ' ਲੈਂਦੇ ਆਪਣਾ ਦੇਸ਼ ਸੰਭਾਲ ਕਿਉਂ ਨਹੀਂ
ਪੈਣ ਲਾਨਤਾਂ ਨਸ਼ੇ ਵਿਚੋਂ ਮਸਤ ਫਿਰਦੇ ਮਥਾ ਲਾਂਵਦੇ ਗੋਰਿਆਂ ਨਾਲ ਕਿਉਂ ਨਹੀਂ
ਢੇ, ਢੇ ਫਟ ਵਾਂਗ ਗਏ ਸ਼ੀਰ ਕਾਨੂੰ ' ਆਹ ਦੁਖੀ ਹਾਂ ਇਜ਼ਤ ਰਵਾਲ ਕਿਉਂ ਨਹੀਂ
ਨਜ਼ਰ ਮਾਰ ਵੇਖਾਂ ਚੀਨ, ਜਾਪਾਨ ਵੱਲੇ ' ਦੁਨੀਆਂ ਵਿਚੋਂ ਓਹ ਫਿਰਨ ਖੁਸ਼ ਹਾਲ ਕਿਉਂ ਨਹੀਂ

ਵਰਤੇ ਕੋਈ ਕਾਨੂੰਨ ਨਾਂ ਨਾਲ ਸਾਡੇ ' ਸਾਡਾ ਪੁਛਦਾ ਕੋਈ ਹਵਾਲ ਕਿਓਂ ਨਹੀਂ "
ਜੇਹਲਾਂ ਕਟਦੇ ਝੂਟਦੇ ਫਾਂਸੀਆਂ ਤੇ ' ਅਸੀਂ ਪੁਛਦੇ ਉਨ੍ਹਾਂ ਦਾ ਹਾਲ ਕਿਓਂ ਨਹੀਂ "
ਭਾਰਤ ਮਾਤ ਦੀ ਗੋਦ ਵਿੱਚ ਰੈਹਿਣ ਵਾਲੇ ' ਤੁਸੀਂ ਡੁਬ ਮਰਦੇ ਸ਼ਰਮ ਨਾਲ ਕਿਓਂ ਨਹੀਂ "
ਗਲਾਂ ਫੋਕੀਆਂ ਤੇ ਐਂਵੇਂ ਜ਼ੋਰ ਪਾਯਾ ' ਅਸਲੀ ਕੰਮ ਕਰਦੇ ਫੁਰਤੀ ਨਾਲ ਕਿਓਂ ਨਹੀਂ "
ਸੁਤੇ ਪਏ ਪੰਜਾਬ ਨੂੰ ਹੋਸ਼ ਆਵੇ ' ਲੈਂਦੇ ਢੋਲ ਬਜਾ ਨਾਲ ਉਠਾਲ ਕਿਓਂ ਨਹੀਂ
ਜੇਕਰ ਤੁਸੀਂ ਅਗੋਂ ਹੋਕੇ ਕਦਮ ਰਖੋ ' ਲੈਂਦੇ ਆਪਣਾਂ ਮੁਲਕ ਸੰਭਾਲ ਕਿਓਂ ਨਹੀਂ "
ਮਿਰਕਣ ਅਤੇ ਕਨੇਡੇ ਵਿਚ ਰੈਹਿਣ ਵਾਲੇ ' ਤੇਹਾਡਾ ਮਾਰਦਾ ਖੂਨ ਉਛਾਲ ਕਿਓਂ ਨਹੀਂ "
ਕੀਕੂੰ ਕਰਨ ਗੁਲਾਮੀ ਵਿਚ ਫੌਜੋ ਜੇੜ੍ਹੇ ' ਹਿਲੇ ਤੁਸੀਂ ਆਜ਼ਾਦ ਖਿਆਲ ਕਿਓਂ ਨਹੀਂ "
ਆਓ ਚਲੀਏ ਮੁਲਕ ਨੂੰ ਸ਼ੇਰ ਮਰਦੋ ' ਅਤੇ ਹੋ ਗਿਆ ਜੇ ਮੰਦਾ ਹਾਲ ਕਿਓਂ ਨਹੀਂ "
ਚਲੋ ਉਪਦੇਸ਼ ਕਰੀਏ ਮੁਲਕ ਵਾਲਿਆਂ ਨੂੰ ਸਾਰਾ ਖੋਲਦੇ ਜ਼ੁਲਮ ਦਾ ਹਾਲ ਕਿਓਂ ਨਹੀਂ
ਸਾਡੇ ਕੰਮ ਅਧੂਰੜੇ ਪਏ ਸਾਰੇ ' ਹੈ ਮਲੂਮ ਸਾਡੇ ਪਲੇ ਮਾਲ ਕਿਓਂ ਨਹੀਂ "
ਦੇਸ਼ੋਂ ਕਢੀਏ ਚੱਲਕੇ ਗੋਰਿਆਂ ਨੂੰ ' ਦੇਖੋ ਫੇਰ ਹੁੰਦੇ ਮਾਲਾ ਮਾਲ ਕਿਓਂ ਨਹੀਂ "
ਡੌਂਡੀ ਫੇਰੀਏ ਮੁਲਕ ਉਧਾਰ ਕਾਰਨ ' ਦਿਨਾਂ ਵਿੱਚ ਬਦਲੂ ਸਾਡਾ ਹਾਲ ਕਿਓਂ ਨਹੀਂ
ਗਦਰ ਕਰਾਈਏ ਚੱਲਕੇ ਮੁਲੱਕ ਅੰਦਰ ' ਦਿੰਦੇ ਦੇਸ਼ ਅੰਦਰ ਭਾਂਬੜੀ ਬਾਲ ਕਿਓਂ ਨਹੀਂ
ਸਭਾ ਚੀਨਕੇ ਡਿਊਟੀਆਂ ਵੰਡ ਦੇਈਏ ' ਕਰਦੇ ਪਾਂਬਰਾਂ ਦਾ ਮੰਦਾ ਹਾਲ ਕਿਓਂ ਨਹੀਂ "
ਫੌਜਾਂ ਵਾਲਿਓ ਕਾਸ ਨੂੰ ਡੇਰ ਲਾਈ ' ਦਿੰਦੇ ਜ਼ਾਲਮਾਂ ਦੀਆਂ ਸਫਾਂ ਗਾਲ ਕਿਓਂ ਨਹੀਂ
ਕਿਓਂ ਖਾਮੋਸ਼ ਬੈਠੇ ਆਓ ਮਰਨ ਵਾਲੇ ' ਸਾਡੇ ਦਿਲੀਂ ਆਜ਼ਾਦੀ ਦਾ ਖਿਆਲ ਕਿਓਂ ਨਹੀਂ
ਹੋਕਾ ਦੁਖੀ ਦੇਵੇ ਮੁਲਕ ਪੌਹੁੰਚਣੇ ਦਾ ' ਜਲਦੀ ਰੈਹਣ ਕਰਦੇ ਖੁਸ਼ੀ ਨਾਲ ਕਿਓਂ ਨਹੀਂ
ਖਾੜੂ ਦੇਸ਼ ਦੀ ਝੂਟ ਗਏ ਫਾਂਸੀਆਂ ਤੇ ' ਗੁਸੇ ਨਾਲ ਹੁੰਦੇ ਚੇਹਰੇ ਲਾਲ ਕਿਓਂ ਨਹੀਂ "
ਏਸੇ ਤੂੰ ਪੰਜਾਬ ਦਾ ਰਾਜ ਦਿਤਾ ' ਦਗੇ ਬਾਜ਼ ਦੀ ਸਮਝਦੇ ਚਾਲ ਕਿਓਂ ਨਹੀਂ "
ਬਾਰ ਬਾਰ ਏਹ ਗਦਰ ਦੀ ਬੇਨਤੀ ਹੈ ' ਲੈਂਦੇ ਆਪਣਾਂ ਮੁਲਕ ਸੰਭਾਲ ਕਿਓਂ ਨਹੀਂ

ਚੰਗਾ ਵਕਤ ਹੈ ਗਦਰ ਮਚਾਵਣੇ ਦਾ ' ਹਿੰਦੋਸਤਾਨੀਓ ਡੇਰੀਆਂ ਲਾਈਆਂ ਕਿਓਂ "
ਬੜੇ ਸ਼ਾਨ ਤੇ ਮਾਣ ਗੁਮਾਨ ਵਾਲੇ ' ਛਟੱਕ ਕਰਦੇ ਫਿਰੋ ਪਰਾਈਆਂ ਕਿਓਂ "
ਲੜਨ ਮਰਨ ਤੇਂ ਜੇ ਕਰਾਂ ਸ਼ੋਕ ਆਵੇ ' ਐਵੇਂ ਦਿਤੀਆਂ ਗਦਰ ਨੂੰ ਸਾਈਆਂ ਕਿਓਂ "
ਖਾਕੇ ਰੁਖੀਆਂ ਰੋਟੀਆਂ ਮਸਤ ਰੈਹਿੰਦੇ ' ਝੋਕਾਂ ਅਸਲੀਆਂ ਦੇ ਦਾਗ ਲਾਈਆਂ ਕਿਓਂ "
ਫੌਜਾਂ ਵਾਲਿਓ ਤੁਸਾਂ ਦੀ ਮਤ ਮਾਰੀ ' ਲੋਕਾਂ ਵਾਸਤੇ ਕਰੋ ਲੜਾਈਆਂ ਕਿਓਂ "
ਬੁਰੀ ਨੌਕਰੀ ਨਰਕ ਤੋਂ ਕੈਹਣ ਸਿਆਣੇ ' ਜਾਣ ਬੁਝਕੇ ਬੇੜੀਆਂ ਪਾਈਆਂ ਕਿਓਂ "
ਵੈਰੀ ਤੁਸਾਂ ਦਾ ਪੈ ਗਿਆ ਵਿਚ ਯੂਰਪ ' ਵੇਲਾ ਸਾਂਭ ਲੋ ਦੇਰੀਆਂ ਲਾਈਆਂ ਕਿਓਂ

# ਕਾਫੀ ਛੰਦ

ਗਦਰ ਪਾਰਟੀ ਬੀੜਾ ਚੁਕਿਆ ਹਿੰਦ ਆਜ਼ਾਦ ਕਰਾਵਣ ਦਾ '
ਆਓ ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ "
ਫੌਜ ਬਥੇਰੀ ਪਾਸ ਅਸਾਡੇ ਭਾਈ ਸਾਡੇ ਬੇੜਿਆਂ ਮੇਂ ' "
ਨਾਮ ਕਟੇ ਤੇ ਕਈ ਰਜ਼ਰਵੀਏ ਵਸਦੇ ਨਗੱਰ ਖੇੜਿਆਂ ਮੇਂ "
ਲੋਕ ਹਿੰਦ ਦੇ ਬੜੇ ਸੁਦਾਈ ਫਸੱ ਗਏ ਮਜ਼੍ਹਬੀ ਝੇੜਿਆਂ ਮੇਂ '
ਰਾਜਨੀਤ ਦਾ ਪਤਾ ਨਾਂ ਕੋਈ ਝਗੜਨ ਪਏ ਬਖੇੜਿਆਂ ਮੇਂ "
ਟੁਕੜੇ ਤੇ ਸਭੁ ਭੁਖੇ ਮਰਦੇ ਫਿਕਰ ਸ੍ਵਰਗ ਨੂੰ ਜਾਵਣ ਦਾ '
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ "
ਹਿੰਦੂ ਸਿੱਖ ਮੁਸਲਮਾਨ ਸਾਰੇ ਇਕੋ ਕੌਮ ਅਸਾਡੀ ਹੈ '
ਏਹ ਬਦਮਾਸ਼ ਚਾਲਾਕ ਫਰੰਗੀ ਸਭ ਨੂੰ ਕੀਤਾ ਫਾੜੀ ਹੈ "
ਆਪਸ ਵਿਚੱ ਇਤਫਾਕ ਨਾਂ ਕੀਤਾ ਵਡੀ ਭੁਲ ਅਸਾਡੀ ਹੈ '
ਟਰਕੀ, ਚੀਨ, ਮਿਸ੍ਰ ਤੇ ਕਾਬਲ, ਜਰਮਨ, ਭੀ ਵਲ ਸਾਡੀ ਹੈ "
ਆਓ! ਕਠੇ ਹੋਕੇ ਲੜੀਏ ਵੇਲਾ ਹੈ ਮਿਲ ਜਾਵਣ ਦਾ '
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ "
ਮੰਦਰ ਅਤੇ ਮਸੀਤਾਂ ਵਿਚੋਂ ਚੰਗੇ ਲੋਕ ਨਿਕਾਲੇ ਜੀ '
ਗੁਰੂਦਵਾਰੇ ਵੇਚਣ ਵਾਲੇ ਭਾਈ ਦਿਲੱ ਦੇ ਕਾਲੇ ਜੀ "
ਰਾਏ ਬਹਾਦਰ, ਖਾਨ ਬਹਾਦਰ, ਬਾਂਦਰ ਪੂਛਾਂ ਵਾਲੇ ਜੀ '
ਖੁਫੀਆ ਦੇਸ਼ ਘਾਤ ਓਹ ਕਰਦੇ ਸਾਡੇ ਜੋ ਰਖਵਾਲੇ ਜੀ "
ਇਹਨਾਂ ਪਾਪੀ ਲੋਕਾਂ ਕੋਲੋਂ ਫਿਕਰ ਕਰੋ ਬਚੱ ਜਾਵਣ ਦਾ '
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ "
ਕੌਮੀ ਸੇਵਾ ਕਦੇ ਨਾਂ ਕਰਦੇ ਜੋ ਇਜ਼ਤ ਦੇ ਭੁਖੇ ਜੀ। '
ਗਲੱਾਂ ਥੀ ਘਰ ਪੂਰਾ ਕਰਦੇ ਵਿਚੋਂ ਰੈਹਿੰਦੇ ਰੁਖੇ ਜੀ। '
ਕੌਮ ਕਾਰ ਨੂੰ ਜੀ ਨਾਂ ਕਰਦਾ ਤੀਰ ਚਲਾਵਣ ਸੁਕੇ ਜੀ '
ਇਹਨਾਂ ਕੋਲੋਂ ਬਚਣਾਂ ਯਾਰੋ ਏਹ ਸਰਕਾਰੀ ਕੁਤੇ ਜੀ "
ਉਹਨਾਂ ਕੌਮੀ ਕੰਮ ਕੀ ਕਰਨਾ ਫਿਕਰ ਜਿਨਾਂ ਫੜੇ ਜਾਵਣ ਦਾ '
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਝਾਵਣ ਦਾ "

ਲੀਡਰ ਬਣਕੇ ਇਜ਼ਤ ਲੈਂ ਹੂੰਦੇ ਕੌਮੀ ਸੇਵਾ ਕਰਦੇ ਨਾਂ ।
ਡਾਕੂ ਸਾਨੂੰ ਲੁਟੀ ਜਾਂਦੇ ਰਾਖੀ ਸਾਡੀ ਕਰਦੇ ਨਾਂ ॥
ਆਪ ਬਹਾਰਾਂ ਲੁਟੱਣ ਬੈਠੇ ਫਿਕਰ ਉਨਾਂ ਨੂੰ ਘਰਦੇ ਨਾਂ ।
ਸੱਚੀ ਸੇਵਾ ਕਰਨ ਨਾਂ ਦਿੰਦੇ ਪਾਜੇ ਹੋਕੇ ਮਰਦੇ ਨਾਂ ॥
ਉਲਟਾ ਮਰਜ਼ ਉਨਾਂ ਨੂੰ ਲਗਾ ਟੰਗਾਂ ਵਿਚੋਂ ਅੜਾਵਨ ਦਾ ।
ਆਓ ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਜਾਨ ਪਯਾਰੀ ਕਰੋ ਨਾਂ ਸ਼ੇਰੋ ਇਕੱ ਦਿਨ ਨਿਕਲ ਜਾਣੀ ਹੈ ।
ਜਿਨਾਂ ਕੌਮੀ ਸੇਵਾ ਕਰਨੀ ਮਿਲਣਾਂ ਪਦੱ ਨਿਰਬਾਣੀ ਹੈ ॥
ਦੁਨੀਆਂ ਵਿਚੋਂ ਨਾਂ ਝੈਂਡਾ ਸਾਡਾ ਅੱਖੀ ਸਾਡੀ ਕਾਣੀ ਹੈ ।
ਦੁਨੀਆਂ ਦੇ ਵਿਚੋਂ ਨਾਲ ਅਸਾਡੇ ਹੁੰਦੀ ਕੁੱਤੇ ਖਾਣੀ ਹੈ ॥
ਤਨੱ ਮਨੱ ਧਨੱ ਸਭ ਵਾਰੋ ਜੇਕਰ ਸ਼ੌਕ ਨਸ਼ਾਨ ਚੜਾਵਨ ਦਾ ।
ਆਓ ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਸ਼ਾਹੂਕਾਰ ਗੁਲਾਮੀ ਅੰਦ੍ਰ ਜੈਸੇ ਕੀੜਾ ਮੋਰੀ ਦਾ ।
ਸੇਵਾ ਖਾਤ੍ਰ ਕੂੜ ਨਾਂ ਦੇਂਦਾ ਘੁਟੱ ਲਿਆ ਮੂੰਹ ਬੋਰੀ ਦਾ ॥
ਗਦਰ ਪਾਰਟੀ ਲੇਖਾ ਲੈਣਾਂ ਕੰਮ ਨਹੀਂ ਕੋਈ ਚੋਰੀ ਦਾ ।
ਰਲ ਮਿਲੱ ਸਾਰੇ ਕਰੋ ਖਾਤਮਾਂ ਕੌਮ ਫਰੰਗੀ ਗੋਰੀ ਦਾ ॥
ਸ਼ਾਹੂਕਾਰੋ ਰਲ ਮਿਲ ਕੇ ਏਹ ਸਾਂਝਾ ਕੰਮ ਚਲਾਵਨ ਦਾ ।
ਆਓ ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਦੁਸ਼ਮਣ ਸਾਡਾ ਯੂਰਪ ਦੇ ਵਿਚ ਫਸਿਆ ਫਾਹੀ ਡਾਡੀ ਹੈ ।
ਜਰਮਨ ਸ਼ੇਰ ਖੜਾ ਹੈ ਘੇਰੀ ਹੁਣ ਤਾਂ ਢਿਲੱ ਅਸਾਡੀ ਹੈ ॥
ਅਗੇ ਜਿਤੱ ਹਮੇਸ਼ਾ ਕਰਦਾ ਹੁਣ ਤਾਂ ਜ਼ਾਲਮ ਫਾਡੀ ਹੈ ।
ਛੇਤੀ ਹਿਮਤ ਕਰੋ ਹਿੰਦੀਓ ਹੁਣ ਤਾਂ ਕਸਰ ਤੁਸਾਡੀ ਹੈ ॥
ਹਥੋਂ ਹਥੀਂ ਫੜ ਲੋ ਸ਼ੇਰੋ ਵੇਲਾ ਢਿਲੱ ਨਾਂ ਲਾਵਨ ਦਾ ।
ਆਓ ! ਸ਼ੇਰੋ ਗਦਰ ਮਚਾਈਏ ਵੇਲਾ ਨਹੀਂ ਖੁੰਜਾਵਨ ਦਾ ॥
ਪੈਹਿਲਾਂ ਗਦਰ ਪਰਟੀ ਸਾਰੇ ਦੇਸ਼ ਵਿਚੋਂ ਪ੍ਰਚਾਰ ਕਰੇ ।
ਖੁਲਮ ਖੁਲਾ ਪ੍ਰਜਾ ਤਾਈਂ ਚੋਰਾਂ ਥੀਂ ਹੁਸ਼ਿਆਰ ਕਰੇ ॥
ਡਾਕੇ ਮਾਰ ਡਾਕੂਆਂ ਉਤੇ ਕੱਠੇ ਭੀ ਹਥਯਾਰ ਕਰੇ ।
ਜੈਸਾ ਜੈਸਾ ਮੌਕਾ ਦੇਖੇ ਸਾਰਾ ਕਾਰ ਵਿਹਾਰ ਕਰੇ ॥

ਸੁਤੀ ਪ੍ਰਜਾ ਜਾਗ ਪਈ ਜਦ ਅਗੋ ਕੌਮ ਚਲਾਵਨ ਦਾ ।
ਆਓ ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਦਾਣਾ ਫਕਾ ਬੰਦ ਕਰੋ ਹੁਣ ਇੰਗਲੈਂਡ ਨੂੰ ਜਾਵਨ ਤੇ ।
ਕਣਕ ਦੇਸ਼ਨਾਂ ਉਤੇ ਜੇਹੜੀ ਹੋ ਜਾਓ ਅੱਗ ਲਗਾਵਨ ਤੇ ॥
ਰੇਲਾਂ ਤਾਰਾਂ ਕਟ ਦਿਓ ਹੁਣ ਹੋ ਜਾਓ ਪੁਲਾਂ ਨੂੰ ਢਾਵਨ ਤੇ ।
ਰਾਤ ਬਰਾਤੇ ਅਗੇ ਪਿਛੇ ਹੋ ਜਾਓ ਦਾਉ ਲਗਾਵਨ ਤੇ ॥
ਪੁਲਸ ਫੌਜ ਜੋ ਅਗੇ ਆਵੇ ਕੌਮ ਕਰੋ ਸਮਝਾਵਨ ਦਾ ।
ਆਓ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਧੋਖੇ ਬਾਜ਼ ਫਰੰਗੀ ਦੁਨੀਆਂ ਉਪਰ ਜਾਲ ਵਛਾਇਆ ਹੈ ।
ਹੁਣ ਤਾਂ ਮੁਸ਼ਕਲ ਬਣ ਗਈ ਸਿਰ ਤੇ ਚੋਹਤਾ ਹੀ ਘਬ੍ਰਾਇਆ ਹੈ ॥
ਮੱਥਾ ਲੱਗਾ ਨਾਲ ਜਰਮਨੀ ਹੁਣ ਕਿਤੇ ਮੂੰਹ ਕਮਲਾਇਆ ਹੈ ।
ਸਾਰੀ ਬੰਦ ਤਜਾਰਤ ਹੋਈ ਸਾਸ ਲਬਾਂ ਤੇ ਆਇਆ ਹੈ ॥
ਹੁਣ ਨਾਂ ਪੇਸ਼ ਕੋਈ ਭੀ ਜਾਂਦੀ ਢੰਗ ਨਹੀਂ ਬਚ ਜਾਵਨ ਦਾ ।
ਆਓ ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਐਸਾ ਮੌਕਾ ਹਥ ਨਾ ਔਣਾ ਵੇਲਾ ਹੈ ਹੁਸ਼ਿਆਰੀ ਦਾ ।
ਦੁਸ਼ਮਣ ਫਸਿਆ ਵਿਚ ਕੁੜਿਕੀ ਮੌਕਾ ਗਦਰ ਤਿਆਰੀ ਦਾ ॥
ਪਤਲਾ ਕਰੋ ਸ਼ਤਾਬੀ ਸ਼ੇਰੋ ਮਨਤਰ ਏਸ ਮਦਾਰੀ ਦਾ ।
ਅਖੀਂ ਘੱਟਾ ਪਾ ਨਾਂ ਜਾਵੇ ਬਚਣਾ ਦਾਓ ਕੰਵਾਰੀ ਦਾ ॥
ਏਸ ਕੌਮ ਨੂੰ ਸ਼ਰਮ ਨਾਂ ਕੋਈ ਕਰਦੇ ਢੰਗ ਫਸਾਵਨ ਦਾ ।
ਆਓ ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਛੇਤੀ ਹੀ ਸਭ ਦੁਨੀਆਂ ਅੰਦਰ ਜੰਗ ਬੜਾ ਮਚ ਜਾਵੇਗਾ ।
ਜੇਹੜਾ ਕਰੂ ਤਿਆਰੀ ਨਾਂ ਓਹ ਆਪਣਾ ਨਾਸ਼ ਕਰਾਵੇਗਾ ॥
ਸਾਰੀ ਉਮਰ ਗੁਲਾਮੀ ਅੰਦਰ ਝੁਰ ਝੁਰ ਜਾਨ ਗਵਾਵੇਗਾ ।
ਸਭੇ ਹੀ ਦੁਰਕਾਰਨ ਉਸਨੂੰ ਬੁਜ਼ਦਿਲ ਨਾਮ ਧਰਾਵੇਗਾ ॥
ਏਸ ਗੁਲਾਮੀ ਨਾਲੋਂ ਪਿਆਰੇ ਕੌਮ ਚੰਗਾ ਮਰ ਜਾਵਨ ਦਾ ।
ਆਓ ! ਸ਼ੇਰੋ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ ॥
ਵਿਚ ਗੁਲਾਮੀ ਜੀਊਂਦੇ ਰੈਹਣਾ ਏਹ ਮਰਦਾਂ ਦੀ ਕਾਰ ਨਹੀਂ ।
ਐਸਾ ਫੇਰ ਤੁਸਾਨੂੰ ਮੁੜਕੇ ਔਣਾ ਹਥ ਸ਼ਿਕਾਰ ਨਹੀਂ ॥

ਮਰਦ ਹਜਰੇ ਵਿਚੋਂ ਮੈਦਾਨੀ ਝੂੰਡੇ ਲਿਅਹੁ ਪਾਰ ਨਹੀਂ
ਜਾਨ ਪਯਾਰੀ ਕਰੇ ਨਾ ਸ਼ੇਰ ਇਸਦਾ ਕੁਝ ਇਤਬਾਰ ਨਹੀਂ
ਆਓ! ਵਿਚੋਂ ਮੈਦਾਨੀ ਗਜੀਏ ਵੇਲਾ ਪਿਛੰ ਨਾਂ ਜਾਵਨ ਦਾ
ਆਓ! ਸ਼ੇਰ ਗਦਰ ਮਚਾਈਏ ਮੌਕਾ ਨਹੀਂ ਖੁੰਜਾਵਨ ਦਾ

## ਕਬਿਤ

ਚੀਜ਼ ਕੀ ਜਹਾਨ ਦੀ ਜੋ ਲੋੜ ਸਾਨੂੰ ਪਾਨ ਦੀ ਹੈ ।
ਦੇਸ਼ ਵਿਚੋਂ ਜਾਕੇ ਪ੍ਰਚਾਰ ਨੂੰ ਵਧਾਨ ਦੀ ॥
ਕੁਲ ਦੇਸ਼ ਵਾਸੀਆਂ ਦੇ ਦਿਲ ਵਿਚ ਪਾਓ ਗੱਲ ।
ਹੋਊਗੀ ਤਿਯਾਰੀ ਝੱਟ ਜੰਗ ਦੇ ਮਚਾਨ ਦੀ ॥
ਪਾਇਦੇ ਆਜ਼ਾਦੀ ਪੈਹਿਲੇ ਕਢੋ ਦੇਈਏ ਬਾਦਰਾਂ ਨੂੰ ।
ਹੋਵੇਗੀ ਅਸਾਡੀ ਬਾਦਸ਼ਾਹੀ ਸ਼ਾਨ ਮਾਨ ਦੀ ॥
ਹੋਵੇਗੀ ਤ੍ਰੱਕੀ ਪਿਛੋਂ ਬੋਹੁਤ ਹੀ ਸੁਖਾਲੀ ਸਾਡੀ ।
ਕਰ ਲੈ ਤਿਯਾਰੀ ਪੈਹਿਲਾਂ ਗਦਰ ਮਚੌਣ ਦੀ ॥

੨

ਵਿਦਯਾ ਬਥੇਰੀ ਵਧ ਜਾਏਗੀ ਆਜ਼ਾਦੀ ਹੋਇਆਂ
ਕਿਸੇ ਨਾ ਮਜਾਲ ਫੇਰ ਸਾਨੂੰ ਅਟਕਾਨ ਦੀ ॥
ਬਸੇ ਰਸੇ ਹਮੇਸ਼ਾਂ ਤਾਂ ਸਾਰਾ ਹੀ ਆਜ਼ਾਦ ਹਿੰਦ ।
ਹੌਲੀ ਜਾਵੇ ਹੋਈ ਪੰਡ ਟੈਕਸ ਲਗਾਨ ਦੀ ॥
ਬਚੇ ਅਤੇ ਔਰਤਾਂ ਨਾ ਸਾਨੂੰ ਕੋਈ ਰੋਕ ਸਕੂ ।
ਪੂਰੀ ਕਰੋ ਲੋੜ ਪੈਹਿਲਾਂ ਹਿੰਦ ਦੇ ਨਸ਼ਾਨ ਦੀ ॥
ਹੋਵੇਗੀ ਤ੍ਰੱਕੀ ਪਿਛੋਂ ਬੋਹੁਤ ਹੀ ਸੁਖਾਲੀ ਸਾਡੀ ।
ਕਰ ਲੈ ਤਿਯਾਰੀ ਪੈਹਿਲਾਂ ਗਦਰ ਮਚੌਣ ਦੀ ॥

੩

ਬੱਚਾ ਬੱਚਾ ਦੇਸ਼ ਦਾ ਜੋ ਰਖੇ ਹਥਯਾਰ ਪਾਸ ।
ਰਹੇ ਕੋਈ ਲੋੜ ਨਾਂ ਤਲਾਸ਼ੀਆਂ ਕਰੌਣ ਦੀ ॥

ਮੂਰਖ ਨਾਂ ਕੋਈ ਹੋਵੇ ਸਭੇ ਵਿਦਵਾਨ ਹੋਵਨ ।
ਸਭੇ ਧਨਵਾਨ ਲੋੜ ਕਿਸੇ ਨਾਂ ਚੁਗਾਨ ਦੀ ॥
ਹੀਰਾ ਹਿੰਦ ਸਾਡਾ ਸਾਰੇ ਦੇਸ਼ਾਂ ਤੋਂ ਉਚੇਰਾ ਯਾਰੋ ।
ਦਿਤਾ ਹਥ ਏਹ ਫਰੰਗੀਆਂ ਦੇ ਗਲੱ ਵੱਢੀ ਹਾਨ ਦੀ ॥
ਹੋਵੇਗੀ ਤ੍ਰੱਕੀ ਪਿਛੋਂ ਬੌਹੁਤ ਹੀ ਸੁਖਾਲੀ ਸਾਡੀ ।
ਕਰ ਲੌ ਤਿਆਰੀ ਪੈਹਿਲਾਂ ਗਦਰ ਮਚੌਣ ਦੀ ॥

੪

ਅਸੀਂ ਦੂਰ ਕਰਾਂਗੇ ਸ਼ਤਾਬੀ ਏਹਨਾਂ ਬਾਂਦਰਾਂ ਨੂੰ ।
ਕੋਈ ਨਾਂ ਮਜਾਲ ਸਾਡੇ ਦੇਸ਼ ਪੈਰ ਪਾਨ ਦੀ ॥
ਸਾਡੀ ਤਾਂ ਆਬਾਦੀ ਅਜੇ ਤੀਸ ਹੈ ਕਰੋੜ ਭਾਈ ।
ਥੋੜੀ ਸੀ ਆਬਾਦੀ ਤੇ ਆਜ਼ਾਦੀ ਹੈ ਜਾਪਾਨ ਦੀ ॥
ਉਠੋ! ਬੀਰ ਹਿੰਦੀਓ ਸ਼ਤਾਬੀ ਵੇਲਾ ਆਨ ਪੌਹੁੰਚਾ ।
ਯੂਰਪ ਦੇ ਵਿਚ ਫੌਜ ਫਸੀ ਬੇਈਮਾਨ ਦੀ ॥
ਹੋਵੇਗੀ ਤ੍ਰੱਕੀ ਪਿਛੋਂ ਬੌਹੁਤ ਹੀ ਸੁਖਾਲੀ ਸਾਡੀ ।
ਕਰ ਲੌ ਤਿਆਰੀ ਪੈਹਿਲਾਂ ਗਦਰ ਮਚੌਣ ਦੀ ॥

੫

ਭੁੱਲੇ ਭੋਲੇ ਹਿੰਦੀ ਕਾਲਾ ਨਾਗ ਗੋਦ ਪਾਲਿਓ ਨੇ ।
ਖੰਡ ਵਿਚ ਜ਼ੈਹਿਰ ਪੀਤਾ ਸੰਗ ਜਿਓਂ ਕੁਸੰਗੀ ਦਾ ॥
ਮਾਲ ਤੇ ਮੁਲਕ ਸਾਰਾ ਖੁਸਾ ਘਰ ਬਾਰ ਸਾਥੋਂ ।
ਹੋਗਏ ਗੁਲਾਮ ਫਲ ਮਿਲਿਆ ਖਾਨਜੰਗੀ ਦਾ ॥
ਦਰੋ ਦਰ ਭੁੱਖੇ ਅਸੀਂ ਰੁਲਦੇ ਜਹਾਨ ਵਿਚ ।
ਪਾਇਆ ਫਲ ਪਾਜੀਆਂ ਮੁਰਾਦ ਮੂੰਹੋਂ ਮੰਗੀ ਦਾ ॥
ਤੋੜਕੇ ਗੁਲਾਮੀ ਕਰੇ ਸ਼ਾਹਿਨ ਸ਼ਾਹ ਕਹਾਏ ਦੇਖੋ ।
ਕਰੋ ਬੀਜ ਨਾਸ਼ ਏਸ ਜ਼ਾਲਮ ਫਰੰਗੀ ਦਾ ॥

੬

ਮਕੜੀ ਦਾ ਜਾਲ ਤੇ ਵਛਾਇਆ ਏਨਾਂ ਜ਼ਾਲਮਾਂ ਨੇ ।
ਕੀਤਾ ਹੈ ਗੁਲਾਮ ਵਾਰ ਚਲਿਆ ਦੁਰੰਗੀ ਦਾ ॥
ਕਦੋਂ ਤਕ ਨਿਭੇਗੀ ਦੀਵਾਨਿਆਂ ਦੇ ਹਾਲ ਯਾਰੋ ।
ਕਰੋਗੇ ਇਲਾਜ ਕਦੇ ਏਸ ਬਦਰੰਗੀ ਦਾ ॥

ਕੰਗਲੇ ਕਮੀਨੇ ਬਦਮੁਆਸ਼ਾਂ ਨਾਲ ਪਾਲਾ ਪਾਇਆ ।
ਸੁੱਖ ਤੇ ਆਰਾਮ ਹੋਇਆ ਸੁਫਨਾ ਮਲੰਗੀ ਦਾ ॥
ਵੇਲਾ ਹੈ ਸੰਭਾਲੋ ਉੱਠ ਆਪਣਾ ਮੁਲਕ ਯਾਰੋ ।
ਕਰੋ ਬੀਜ ਨਾਸ ਏਸ ਜ਼ਾਲਮ ਫਰੰਗੀ ਦਾ ॥

## ਕੋਰੜਾ ਛੰਦ

ਹਿੰਦ ਦੇ ਸਪੂਤੋ ਕਰੋ ਧਿਆਨ ਜੀ । ਲੁੱਟ ਕੇ ਤੇ ਹਿੰਦ ਕੀਤਾ ਹੈ ਵੈਰਾਨ ਜੀ ॥
ਤੁਸਾਂ ਵਿਚੋਂ ਪਾ ਕੇ ਵੀਰੋ ਖਾਨਾਂ ਜੰਗੀਆਂ ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਹਿੰਦੂ ਮੁਸਲਮਾਨ ਅਤੇ ਸਿੱਖ ਸੂਰਮੇਂ । ਕੁੱਟ ਕੇ ਬਣਾਓ ਵੈਰੀਆਂ ਦੇ ਚੂਰਮੇਂ ॥
ਫੜ ਲੋ ਸ਼ਤਾਬੀ ਹੱਥੀਂ ਤੇਗਾਂ ਨੰਗੀਆਂ ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਸਾਡੇ ਵਿਚੋਂ ਕਈ ਕੁੱਤੇ ਸ੍ਰਕਾਰਦੇ । ਆਪੇ ਵਿਚੋਂ ਅਸਾਂ ਨੂੰ ਲੜਾ ਕੇ ਮਾਰਦੇ ॥
ਪੈਹਲੇ ਤੁਸੀਂ ਓਨਾਂ ਦੀਆਂ ਪਾਲੋ ਵੱਡੀਆਂ ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਰਾਜਪੂਤੋ! ਲਾਜ ਨੂੰ ਤੁਸੀਂ ਗੁਆਓ ਨਾਂ । ਭਾਰਤ ਦੇ ਪੁੱਤ੍ਰਾਂ ਨੂੰ ਦਾਗ ਲਾਓ ਨਾਂ ॥
ਮਾਰ ਕੇ ਮੁਕਾਓਂਦੇ ਗੇ ਬਾਜ ਢੰਗੀਆਂ । ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਕਿਉਂ ਨਾਂ ਸਿੱਖ ਸੂਰਮੇਂ ਮੈਦਾਨੀ ਗਜਦੇ । ਕਿਉਂ ਨਾਂ ਪੀ ਕੇ ਰੱਤ ਗੋਰਿਆਂ ਦੀ ਰਜਦੇ ॥
ਕਢੋ ਦਿਓ ਲੜਾਈ ਦੀਆਂ ਲਾਲ ਝੰਡੀਆਂ ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ
ਹਿੰਦੀਓ! ਕਰੋੜ ਤੁਸੀਂ ਤੇਤੀ[੩੩] ਵਸਦੇ । ਚਾਰ[੪] ਏਹ ਕਰੋੜ ਹੈ ਫਰੰਗੀ ਦਸਦੇ ॥
ਅੱਠ ਅੱਠ ਇਕ ਦੀਆਂ ਪਾ ਲੋ ਵੰਡੀਆਂ । ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਇੱਕ ਲੱਖ ਸਾਰਾ ਹੈ ਫਰੰਗੀ ਹਿੰਦ ਮੇਂ । ਗੱਲਾਂ ਦੇਖ ਤੁਸਾਂ ਦਾ ਏਹ ਜਾਣ ਬਿੰਦ ਮੇਂ
ਦੂਰ ਤਦੋਂ ਹੋਣ ਘਰਾਂ ਦੀਆਂ ਤੰਗੀਆਂ । ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਸੁੱਖਾਂ ਵਾਲੀ ਫੌਜ ਜੇ ਕਰ ਚਾਹੋ ਮਾਨਣੀ ਜ਼ਾਲਮ ਫਰੰਗੀ ਦੀ ਤਾਂ ਹਿੱਕ ਛਾਨਣੀ
ਏਨਾਂ ਨੂੰ ਉੜਾਓ ਨਾਲ ਤੋਪਾਂ ਭੰਗੀਆਂ । ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਕਰ ਕੇ ਗਦਰ ਏਨਾਂ ਨੂੰ ਕਰੋ ਖਾਂ ਦੂਰ ਜੀ । ਮੋਗਰੇ ਦੇ ਵਾਂਗ ਇੱਟ ਜਿਵੇਂ ਚੂਰ ਜੀ ॥
ਬਾਂਦ੍ਰਾਂ ਦੇ ਵਾਂਗ ਏਹ ਚੜ੍ਹੇ ਦੇ ਦੰਦੀਆਂ । ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥
ਉਠੋ ਸੂਰਬੀਰੋ ਨਹੀਂ ਵੇਲਾ ਸੌਣ ਦਾ । ਧਾਰ ਲੋ ਇਰਾਦਾ ਯੁਧ ਨੂੰ ਮਚੌਣ ਦਾ ॥
ਪੈਣ ਭੂੰਗੇ ਵੈਣ ਮੇਮਾਂ ਹੋਣ ਰੰਡੀਆਂ । ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ ॥

## ਬੈਂਤ

ਹਿੰਦੋਸਤਾਨੀਓ ਢਿਲੱਸ ਨਾਂ ਕਰੋ ਵੀਰੋ । ਛੇਤੀ ਕਰੋ ਹੁਣ ਗਦਰ ਮਚਾਨ ਵਾਲੀ"
ਗਿਆ ਵਕਤ ਨਾਂ ਆਵਣਾ ਹਥ ਵੀਰੋ । ਚੰਗੀ ਗਲ ਨਾਂ ਫੇਰ ਪਸ਼ਤਾਨ ਵਾਲੀ"
ਪੰਹਿਲਾਂ ਗਦਰ ਪ੍ਰਚਾਰ ਦੀ ਲੋੜ ਸਾਨੂੰ । ਪਿਛੋਂ ਦੂਸ੍ਰ ਕੰਮ ਕਮਾਨ ਵਾਲੀ"
ਫੌਜਾਂ ਵਿਚ ਪ੍ਰਚਾਰ ਦੀ ਲੋੜ ਛੇਤੀ । ਕਰੋ ਆਪਣੇ ਸਾਥ ਮਲਾਨ ਵਾਲੀ"
ਪਿੰਡਾਂ ਵਿਚ ਪ੍ਰਚਾਰ ਦੀ ਲੋੜ ਸਾਨੂੰ । ਨਾਲੇ ਗਦਰ ਦੀ ਗੂੰਜ ਸੁਣਾਨ ਵਾਲੀ"
ਜਦੋਂ ਖਬ੍ਰ ਹੋਈ ਲੋਕਾਂ ਸਾਰਿਆਂ ਨੂੰ । ਫੇਰ ਕੋਈ ਨਾਂ ਗਲ ਛੁਪੈਨ ਵਾਲੀ"
ਫੇਰ ਤੋਪ ਬੰਦੂਕ ਦੀ ਲੋੜ ਸਾਨੂੰ । ਗੋਲੇ ਸੁਟ ਕੇ ਕਿਲੇ ਉੜੈਨ ਵਾਲੀ"
ਫੌਜ ਗੋਰਿਆਂ ਦੀ ਓਥੇ ਬੋਹੁਤ ਥੋੜੀ । ਬੋਹੁਤ ਫੌਜ ਸਾਡੀ ਹਿੰਦੋਸਤਾਨ ਵਾਲੀ
ਨਾਮ ਕਟੇਂ ਰਜ਼ਰਵੀਏ ਕਰੋ ਅਕਠੇ । ਨਵੀਂ ਹੋਰ ਭਰਤੀ ਨੌਜਵਾਨ ਵਾਲੀ"
ਜਿਨਾਂ ਫੌਜ ਅੰਦ੍ਰ ਅਗੇ ਕੰਮ ਕੀਤਾ । ਓਨਾਂ ਖਬ੍ਰ ਬੰਦੂਕ ਚੁਰਾਨ ਵਾਲੀ"
ਅਕੱਠੇ ਕਰਨ ਹਥਿਆਰ ਉਹ ਅਕਲ ਸੇਤੀ । ਸਚੀ ਗਲ ਨਾਂ ਏਥੇ ਸੁਣਾਨ ਵਾਲੀ"
ਕਾਬੂ ਕਰਨ ਪੰਹਿਲਾਂ ਜੇਹੜੇ ਤੋਪ ਖਾਨੇ । ਅਤੇ ਕਿਲੇ ਭੀ ਕਰਨ ਦਬੈਨ ਵਾਲੀ"
ਜੇਹੜੇ ਕਿਲਾਂ ਨਾਂ ਅਸਾਂ ਦੇ ਹਥ ਆਵੇ । ਦੂਰ ਦੂਰ ਕਰੀਏ ਘੇਰਾ ਪਾਨ ਵਾਲੀ"
ਫੌਜ ਆਪਣੀ ਦਾ ਬਾਹਰੋਂ ਲਾ ਪੈਹਿਰਾ । ਰਸਦ ਬੰਦ ਕਰੀਏ ਅੰਦ੍ਰ ਜਾਣ ਵਾਲੀ
ਗੋਰੇ ਮਰਨ ਭੁਖੇ ਆਪੇ ਕਿੱਲੇ ਅੰਦ੍ਰ । ਸਾਨੂੰ ਲੋੜ ਨਾਂ ਤੋਪ ਚਲਾਣ ਵਾਲੀ"
ਤਾਰਾਂ ਕਟ ਕੇ ਖਬ੍ਰ ਨੂੰ ਬੰਦ ਕਰੀਏ । ਖਬ੍ਰ ਨਿਕਲੇ ਨਾਂ ਬੇਈਮਾਨ ਵਾਲੀ"
ਹਿੰਦੂ ਸਿਖ ਮੁਸਲਮਾਨ ਹੋਏ ਕਠੇ । ਜੰਗ ਕਰ ਦਿਓ ਬੜੇ ਘਮਸਾਨ ਵਾਲੀ"
ਬਸਤੀ ਤੀਹ ਕਰੋੜ ਨਾਂ ਖਤਮ ਹੋਸੀ । ਹੋਵੇ ਜੰਗ ਜੇ ਬੜੇ ਘਮਸਾਨ ਵਾਲੀ"
ਸੌਹਾ ਮਾਰਨਾਂ ਗੋਰਿਆਂ ਨਾਲ ਹੁਣ ਤਾਂ । ਨਹੀਂ ਲੋੜ ਬੰਦੂਕ ਚਲਾਨ ਵਾਲੀ"
ਜਾਲਮ ਚਾਰ ਚੁਫੇਰਿਓਂ ਘੇਰਿਆ ਹੈ । ਦਿਸੇ ਰਾਹ ਨਹੀਂ ਨਿਕਲ ਜਾਣ ਵਾਲੀ"
ਟੁਰਕੀ, ਅਰਬ, ਫਾਰਸ ਕਾਬਲ ਮਿਸ੍ਰ ਪਜੇ ਫੌਜ ਤਿਆਰ ਬ੍ਰਤਿਆਰ ਅਫਗਾਨ ਵਾਲੀ
ਸਿਘ ਚੀਨ ਵਾਲੇ ਜੇ ਕਰ ਕਰਨ ਹਿੰਮਤ । ਹਾਂਗ ਕਾਂਗ ਨੂੰ ਸਾਥ ਮਲਾਣ ਵਾਲੀ
ਸਿੰਘਾਪੁਰ ਅੰਦ੍ਰ ਸਾਡਾ ਤੋਪ ਖਾਨਾਂ । ਕਾਫੀ ਫੌਜ ਹੈ ਯੁਧ ਮਚਾਨ ਵਾਲੀ।
ਗੋਰੇ ਲੂਣ ਸਮੇਤ ਸਾਡੇ ਵਿਚ ਆਟੇ । ਉਠੀ ਫੌਜ ਜਦੋਂ ਹਿੰਦੋਸਤਾਨ ਵਾਲੀ
ਜੇ ਕਰ ਅਜੇ ਭੀ ਵਕਤ ਸੰਭਾਲਿਓ ਨਾਂ । ਮਿਟੀ ਖੁਆਰ ਹੋਸੀ ਹਿੰਦੋਸਤਾਨ ਵਾਲੀ

PLEASE DO NOT REMOVE
CARDS OR SLIPS FROM THIS POCKET

UNIVERSITY OF TORONTO LIBRARY

PK 2656 G44 v.2 Ghadara dī gūñja